ਖ਼ਾਲਸਾ ਕਾਲਜ

ਸੱਜਰਾ ਸਾਹਿਤ

ਪੰਜਾਬੀ ਰਸਾਲਾ

ਜਨਵਰੀ

2023



ਸਿਰਲੇਖ

ਕਿਸੇ ਵੀ ਦੇਸ ਜਾਂ ਸੂਬੇ ਦੀ ਬਹੁਮੁੱਲ਼ੀ ਜਾਇਦਾਦ ਉਸਦੀ ਸੱਭਿਅਤਾ ਦਾ ਉਸਦਾ ਸਾਹਿਤ ਹੁੰਦਾ ਹੈ। ਸਾਹਿਤ ਜਿਸਤੋਂ ਉਸਦੇ ਵਿਦਵਾਨਾਂ ਅਤੇ ਲੋਕਾਂ ਦੀ ਸਮਝ ਤੇ ਗਿਆਨ ਦਾ ਪਤਾ ਲੱਗਦਾ ਹੈ। ਸਾਹਿਤ ਜਿਸਤੋਂ ਕਿਸੇ ਨੂੰ ਬੀਤੇ ਜਾਂ ਚੱਲ ਰਹੇ ਸਮੇਂ ਦੀ ਪਹਿਚਾਣ ਹੁੰਦੀ ਹੈ। ਜਿਸ ਤੋਂ ਭਵਿੱਖ ਦੇ ਅਨੁਮਾਨ ਲਾਏ ਜਾਂਦੇ ਨੇ। ਜੋ ਸਾਡੇ ਆਉਣ ਵਾਲੇ ਕੱਲ੍ਹ ਲਈ ਮਾਰਗਦਰਸ਼ਕ ਹੁੰਦਾ ਹੈ ਅਤੇ ਉਸ ਨੂੰ ਪ੍ਰਭਾਵਿਤ ਕਰਦਾ ਹੈ। ਏਸੇ ਸਾਹਿਤ ਦੇ ਬਗ਼ੀਚੇ ਨੂੰ ਹੋਰ ਮਹਿਕਾਉਣ ਵਜੋਂ ਨਵੇਂ ਪੁੰਗਰਦੇ ਫੁੱਲਾਂ ਦਾ ਉਪਰਾਲਾ ਹੈ ਸਾਡਾ ਇਹ ਪੰਜਾਬੀ ਰਸਾਲਾ।

KHALSA COLLEGE SAJRA SAHIT

ਖ਼ਾਲਸਾ ਕਾਲਜ ਸੱਜਰਾ ਸਾਹਿਤ

ਸੱਜਰਾ ਸਾਹਿਤ ਪੰਜਾਬੀ ਰਸਾਲਾ

ਜਨਵਰੀ 2023

ਵੱਲੋਂ :

® ਖ਼ਾਲਸਾ ਕਾਲਜ ਅੰਮ੍ਰਿਤਸਰ

ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com

KHALSA COLLEGE
SAJRA SAHIT

ਖ਼ਾਲਸਾ ਕਾਲਜ ਸੱਜਰਾ ਸਾਹਿਤ

ਪੰਜਾਬੀ ਰਸਾਲਾ ਜਨਵਰੀ 2023

ਵੱਲੋਂ :

ਪੰਜਾਬੀ ਵਿਭਾਗ

ਖ਼ਾਲਸਾ ਕਾਲਜ, ਅੰਮ੍ਰਿਤਸਰ।

ਜੀ. ਟੀ. ਰੋਡ, ਅੰਮ੍ਰਿਤਸਰ, 143002

ਮੋ : +91 9417534823, 9779324826

ਈ-ਮੇਲ : Khalsacollegesajrasahit@gmail.com

ਇਨਸਟਾਗ੍ਰਾਮ : @Khalsacollegesajrasahit

ਪ੍ਰਕਾਸ਼ਿਤ ਮਿਤੀ : 01 ਜਨਵਰੀ 2023

ਮੁੱਖ ਸੰਪਾਦਕ :

ਪ੍ਰੀਤ ਸਿੰਘ ਭੈਣੀ (ਐੱਮ. ਏ. ਪੰਜਾਬੀ)

ਸੰਪਾਦਕ :

ਪਵਨਦੀਪ ਕੌਰ (ਐੱਮ. ਏ. ਪੰਜਾਬੀ)

ਸਾਹਿਬਜੀਤ ਸਿੰਘ (ਬੀ. ਏ.)

ਪ੍ਰਕਾਸ਼ਕ :

ਖ਼ਾਲਸਾ ਕਾਲਜ ਸੱਜਰਾ ਸਾਹਿਤ

Punjabilibrary.com

ਪ੍ਰੀਤ ਸਿੰਘ ਭੈਣੀ

ਤਤਕਰਾ

01.	ਦੋ ਸ਼ਬਦ	7
02.	ਖ਼ਾਲਸਾ ਕਾਲਜ ਅੰਮ੍ਰਿਤਸਰ	8
03.	ਨਵੇਂ ਸਾਲ ਦੇ ਚੜ੍ਹਦੇ ਸੂਰਜ	12
04.	ਵੱਸਦੇ ਫ਼ਕੀਰ ਜਿੱਥੇ ਜੋਗੀਆ	14
05.	ਸ਼ਆਲ	18
06.	ਕਿਸਾਨ	20
07.	ਦੋਸਤੀ	22
08.	ਮੇਰੀ ਕਲ਼ਮ ਹੀ ਮੇਰੀ ਤਲਵਾਰ ਹੈ	23
09.	ਪਤੰਗਾਂ	27
10.	ਧਰਮ	29
11.	ਨਾਮ ਤੇਰਾ	29
12.	ਧਰਮ	30
13.	ਗੱਲ ਸੁਣਾਵਣ ਲੱਗਾ	32
14.	ਕਿਸਮਤ	36
15.	ਚਾਅ	36
16.	ਇਬਾਦਤ	37
17.	ਓਹਦੀ ਰਜ਼ਾ	38

18.	ਪਿਆਰ	40
19.	ਇੱਕ ਤਰਫ਼ਾ ਪਿਆਰ (ਕਹਾਣੀ)	42
20.	ਸਾਧਾਂ ਦੇ ਭੇਸ ‘ਚ	53
21.	ਮੇਰੀ ਪ੍ਰੀਤੀ ਦਾ ਸਿਰਨਾਵਾਂ ਕਾਤਲ	55
22.	ਭਗਤ ਸਿੰਘ	57
23.	ਦਿਲ ਦੀ ਰਾਹਦਾਰੀ	59
24.	ਗ਼ੈਰਤ	60
25.	ਲੈ ਕੇ ਬਹਿ ਗਿਆ	62
26.	ਸੁਣ ਦਿਲਾ	63
27.	ਗੁਰਮਤਿ ਗ੍ਰਿਸਤ	64
28.	ਕਾਲਜ ਦਾ ਪਹਿਲਾ ਦਿਨ	65
29.	ਜ਼ਿੰਦਗੀ (ਕਹਾਣੀ)	67
30.	ਲੋਕ ਨਾਚ : ਬੀਹੂ (ਪੇਂਟਿੰਗ)	74
31.	ਰੱਬ ਤੇ ਬੰਦਾ	75
32.	ਮੁਸਾਫ਼ਿਰ	78
33.	ਮਾਂ	80
34.	ਔਰਤ	83
35.	ਤੇਰੀ ਤਸਵੀਰ	85
36.	ਹਾੜ੍ਹ ਤੋਂ ਸਾਉਣ	86

37. ਰਾਧਾ ਕ੍ਰਿਸ਼ਨਾ (ਪੇਂਟਿੰਗ) 88
38. ਕਿਸ ਤਰ੍ਹਾਂ 89
39. ਬਚਪਨ 90
40. ਗੋਬਿੰਦੇ ਲੈਣ ਆਵੇਂਗੇ 91
41. ਬੇਇਮਾਨਾ ਲਈ ਅਸੀਂ ਮਰਦੇ ਰਹੇ 93
42. ਕਿਸਾਨੀ ਸੰਘਰਸ਼ 95
43. ਚਿਕਿਤਸਕ ਪੌਦਿਆਂ 'ਤੇ ਪੋਸਟਰ (ਪੇਂਟਿੰਗ) 96
44. ਕੁਝ ਨਾ ਸੋਚੇ 97
45. ਸਮੇਂ ਦੀ ਕਦਰ 99
46. ਗਲ਼ਤੀ ਵਾਰ ਵਾਰ ਨਹੀਂ ਕਰਦਾ 100
47. ਇੱਕ ਸਵਾਲ ਮੇਰੇ ਅੰਦਰ 101
48. ਤੇਰੇ ਵਰਗਾ 103
49. ਗੱਲਾਂ 105
50. ਸ਼ੀਸ਼ਾ 105
51. ਇਹ ਕਵਿਤਾ ਮੇਰੀ ਅਖੀਰ ਨਹੀਂ 106
52. ਰਿਸ਼ਤਿਆਂ ਦੀ ਸਾਂਝ 109

ਦੋ ਸ਼ਬਦ

ਸਾਹਿਤ ਜੀਵਨ ਦੀ ਸਹੀ ਸਮਝ ਦਿੰਦਾ ਹੈ। ਇਹ ਜੀਵਨ ਨੂੰ ਰੌਚਕ ਵੀ ਬਣਾਉਂਦਾ ਹੈ। ਇਕੱਲਾ ਫਲਸਫਾ ਜਾਂ ਇਕੱਲਾ ਵਿਗਿਆਨ ਜੀਵਨ ਨੂੰ ਬੋਰੀਅਤ ਅਤੇ ਖੁਸ਼ਕੀ ਦਿੰਦਾ ਹੈ, ਪਰ ਸਾਹਿਤ ਹਰ ਕਿਸਮ ਦੇ ਗਿਆਨ ਨੂੰ ਮਨੁੱਖ ਦੇ ਹਾਣ ਦਾ ਬਣਾ ਕੇ ਅਤੇ ਰੌਚਕ ਤਰੀਕੇ ਨਾਲ ਪੇਸ਼ ਕਰਦਾ ਹੈ। ਵਿਦਿਆਰਥੀ ਜੀਵਨ ਵਿਚ ਸਾਹਿਤ ਦੀ ਖਾਸ ਅਹਿਮੀਅਤ ਹੁੰਦੀ ਹੈ। ਵਿਦਿਆਰਥੀਆਂ ਨੇ ਭਵਿੱਖ ਵਿਚ ਜੀਵਨ ਨਾਲ ਦੋ ਚਾਰ ਹੋਣਾ ਹੁੰਦਾ ਹੈ। ਸਾਹਿਤ ਵਿਦਿਆਰਥੀਆਂ ਅੰਦਰ ਸਹਿਜਤਾ ਭਰਦਾ ਹੈ, ਜਿਸ ਨਾਲ ਉਹ ਵਾਪਰਨ ਵਾਲੀਆਂ ਘਟਨਾਵਾਂ ਪ੍ਰਤੀ ਸਹਿਜਤਾ ਨਾਲ ਪੇਸ਼ ਹੁੰਦੇ ਹਨ। ਦੁਖ ਸੁਖ ਵੇਲੇ ਘਬਰਾਉਂਦੇ ਨਹੀਂ ਅਤੇ ਮੂਲ ਜੀਵਨ ਮੁੱਲਾਂ ਪ੍ਰਤੀ ਸੁਚੇਤ ਰਹਿੰਦੇ ਹਨ।

ਖ਼ਾਲਸਾ ਕਾਲਜ ਅੰਮ੍ਰਿਤਸਰ ਸਾਹਿਤਕਾਰਾਂ ਦਾ ਮੱਕਾ ਰਿਹਾ ਏਥੇ ਪ੍ਰੋਫੈਸਰ ਸਾਹਿਬ ਸਿੰਘ ਵਰਗੇ ਸਿਰੜੀ ਸਾਹਿਤਕਾਰ ਵੀ ਹੋਏ ਅਤੇ ਸੰਤ ਸਿੰਘ ਸੇਖੋਂ ਵਰਗੇ ਚਿੰਤਕ ਸਾਹਿਤਕਾਰ ਵੀ। ਕਾਲਜ ਦਾ ਦਰਬਾਰ ਮੈਗਜ਼ੀਨ ਬਹੁਤ ਸਾਰੇ ਨਵੇਂ ਸਾਹਿਤਕਾਰਾਂ ਲਈ ਪਲੇਟਫਾਰਮ ਬਣਿਆ। ਏਥੇ ਹੁੰਦੀਆਂ ਸਾਹਿਤਕ ਸਰਗਰਮੀਆਂ ਵਿਦਿਆਰਥੀਆਂ ਵਿਚ ਸਾਹਿਤ ਰਚਨਾ ਦੀ ਚਿਣਗ ਲਗਾਈ ਰੱਖਦੀਆਂ ਹਨ।

ਮੈਨੂੰ ਖੁਸ਼ੀ ਹੈ ਕਿ ਸਾਡੇ ਵਿਦਿਆਰਥੀ ਆਪਣੇ ਪੱਧਰ ਤੇ ਨਵੇਂ ਵਿਦਿਆਰਥੀਆਂ ਨੂੰ ਆਪਣੀਆਂ ਰਚਨਾਵਾਂ ਪੇਸ਼ ਕਰਨ ਲਈ ਇੱਕ ਪਲੇਟਫਾਰਮ ਦੇਣ ਲਈ ਸੱਜਰਾ ਸਾਹਿਤ ਨਾਂਅ ਦਾ ਆਨਲਾਈਨ ਰਸਾਲਾ ਸ਼ੁਰੂ ਕਰ ਰਹੇ ਹਨ। ਮੈਂ ਇਸ ਮੌਕੇ ਆਪਣੇ ਵਿਦਿਆਰਥੀ ਪ੍ਰੀਤ ਅਤੇ ਉਸਦੀ ਟੀਮ ਨੂੰ ਮੁਬਾਰਕਬਾਦ ਕਹਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਉਹ ਇਸ ਪਲੇਟਫਾਰਮ ਨੂੰ ਲਗਾਤਾਰ ਜਾਰੀ ਰੱਖਣ।

ਡਾ. ਹੀਰਾ ਸਿੰਘ
ਪੰਜਾਬੀ ਵਿਭਾਗ,
ਖ਼ਾਲਸਾ ਕਾਲਜ ਅੰਮ੍ਰਿਤਸਰ।

ਖ਼ਾਲਸਾ ਕਾਲਜ ਅੰਮ੍ਰਿਤਸਰ

ਹਰ ਮਨੁੱਖ, ਜਾਨਵਰ, ਪਸ਼ੂ-ਪੰਛੀ ਆਦਿ ਨੂੰ ਆਪਣੇ ਜੀਵਨ ਵਿਚ ਨਿਰੰਤਰ ਚੱਲਦੇ ਰਹਿਣ ਲਈ ਗਿਆਨ ਅਤੇ ਮਾਰਗ ਦਰਸ਼ਕ ਦੀ ਲੋੜ ਹੁੰਦੀ ਹੈ। ਉਸ ਗਿਆਨ ਦੀ ਸੋਝੀ ਦੇਣ ਵਾਲੇ ਮਾਰਗ ਦਰਸ਼ਕ ਨੂੰ ਗੁਰੂ ਕਿਹਾ ਜਾਂਦਾ ਹੈ। ਗੁਰੂ ਜੋ ਕਦਮ ਕਦਮ ‘ਤੇ ਸਾਨੂੰ ਰਾਹ ਦਿਖਾ ਸਾਡੇ ਜੀਵਨ ਨੂੰ ਕਠਿਨਾਈਆਂ ‘ਚੋਂ ਕੱਢ ਬੜੀ ਹੀ ਸਰਲਤਾ ਨਾਲ ਬਾਹਰ ਕੱਢ ਅੱਗੇ ਵਧਣ ਲਈ ਸਹਾਇ ਹੁੰਦਾ ਹੈ।

ਪਰ ਸਮਝਣ ਵਾਲੀ ਗੱਲ ਇਹ ਹੈ ਕਿ ਅਸਲ ‘ਚ ਇਹ ਗੁਰੂ ਹੈ ਕੌਣ? ਸਭ ਤੋਂ ਪਹਿਲੀ ਗੁਰੂ ਹੈ ਸਾਡੀ ਮਾਂ, ਜਿਸਨੇ ਨੌਂ ਮਹੀਨੇ ਸਾਨੂੰ ਗਰਭ ਅੰਦਰ ਰੱਖ ਜੀਵਨ ਦੇ ਸਭ ਤੋਂ ਪਹਿਲੇ ਸਬਕ ਪੜ੍ਹਾਏ ਹਨ। ਹਰ ਮਨੁੱਖ ਆਪਣੀ ਮਾਂ ਦੇ ਗਰਭ ਤੋਂ ਹੀ ਸਿੱਖਿਆ ਹਾਸਲ ਕਰਨੀ ਸ਼ੁਰੂ ਕਰ ਦੇਂਦਾ ਹੈ। ਜਿਵੇਂ ਅਰਜੁਨ ਪੁੱਤਰ ਅਭਿਮਨਿਯੂ ਨੇ ਆਪਣੀ ਮਾਂ ਦੇ ਗਰਭ ਅੰਦਰ ਹੀ ਚੱਕਰਵਿਊ ਤੋੜਨ ਦਾ ਗਿਆਨ ਹਾਸਲ ਕਰ ਲਿਆ ਸੀ, ਜਿਵੇਂ ਭਗਤ ਧਰੂ ਨੇ ਆਪਣੀ ਮਾਂ ਦੇ ਗਰਭ ਅੰਦਰ ਹੀ ਪ੍ਰਭੂ ਭਗਤੀ ਨੂੰ ਜਾਣ ਲਿਆ ਸੀ। ਇਸ ਲਈ ਕਿਹਾ ਜਾ ਸਕਦਾ ਹੈ ਕਿ ਮਾਂ ਸਾਡੀ ਪਹਿਲੀ ਗੁਰੂ ਹੈ। ਫਿਰ ਸਾਡਾ ਬਾਪ, ਅਧਿਆਪਕ, ਪਰਿਵਾਰ, ਸਮਾਜ ਸਾਡੇ ਜੀਵਨ ਵਿਚ ਗੁਰੂ ਦੀ ਅਹਿਮ ਭੂਮਿਕਾ ਨਿਭਾਉਂਦੇ ਹਨ। ਪਰ ਇਹ ਗੁਰੂ ਚੇਲੇ ਦਾ ਰਿਸ਼ਤਾ ਬਸ ਏਥੋਂ ਤੱਕ ਹੀ ਸੀਮਤ ਨਹੀਂ ਰਹਿ ਜਾਂਦਾ। ਇਹ ਸਾਰੀ ਸ੍ਰਿਸ਼ਟੀ, ਰੁੱਖ, ਫੁੱਲ, ਪਹਾੜ, ਮਿੱਟੀ ਆਦਿ ਨਿੱਤ ਹੀ ਗੁਰੂ ਬਣ ਸਾਡਾ ਮਾਰਗ ਦਰਸ਼ਨ ਕਰਦੇ ਹਨ। ਸੋ ਗੁਰੂ-ਚੇਲੇ ਦੇ ਰਿਸ਼ਤੇ ਨੂੰ ਕਿਸੇ ਬੰਦਿਸ਼ ਵਿਚ ਨਹੀਂ ਬੰਨ੍ਹਿਆ ਜਾ ਸਕਦਾ। ਪਰ ਗੁਰੂ ਚੇਲੇ ਦੇ ਰਿਸ਼ਤੇ 'ਚ ਸਭ ਤੋਂ ਅਹਿਮ ਭੂਮਿਕਾ ਨਿਭਾਉਂਦੇ ਹਨ, ਅਧਿਆਪਕ ਸਾਹਿਬਾਨ। ਜੋ ਸਾਡੇ ਸਕੂਲ ਤੋਂ ਸ਼ੁਰੂ ਹੋ ਕਾਲਜ/ਯੂਨੀਵਰਸਿਟੀ ਤੱਕ ਸਾਡਾ ਮਾਰਗ ਦਰਸ਼ਨ ਕਰਦੇ ਹਨ ਅਤੇ ਸਾਡੇ ਜੀਵਨ ਨੂੰ ਉਹ ਦੇਣ ਦੇ ਜਾਂਦੇ ਹਨ ਜਿਸਦਾ ਕਰਜ ਅਸੀਂ ਭਰ ਉਮਰ ਨਹੀਂ ਉਤਾਰ ਸਕਦੇ।

ਅਜਿਹੀ ਹੀ ਇੱਕ ਸੰਸਥਾ ਜੋ ਨਵੇਂ ਪੁੰਗਰਦੇ ਬੂਟਿਆਂ ਨੂੰ ਭਰਪੂਰ ਫਲਦਾਰ ਰੁੱਖ ਬਣਨ ਵਿਚ ਅਹਿਮ ਭੂਮਿਕਾ ਨਿਭਾ ਰਿਹਾ ਹੈ, ਉਹ ਹੈ ਖ਼ਾਲਸਾ ਕਾਲਜ, ਅੰਮ੍ਰਿਤਸਰ। ਜਿਸਨੇ ਕਈ ਪੱਥਰਾਂ ਨੂੰ ਲਿਸ਼ਕਾ, ਤਿਰਾਸ਼ ਹੀਰੇ ਬਣਾ ਸਾਡੇ ਸਮਾਜ ਦੀ ਝੋਲੀ ਪਾਇਆ ਹੈ। ਜਿੰਨ੍ਹਾਂ ਵਿਚ, ਸਾਬਕਾ ਮੁੱਖ ਮੰਤਰੀ ਪਰਤਾਪ ਸਿੰਘ ਕੈਰੋਂ, ਓਲੰਪੀਅਨ ਬਲਬੀਰ ਸਿੰਘ, ਲੇਖਕ ਭੀਸ਼ਮ ਸਾਹਨੀ, ਪ੍ਰੋ. ਸਾਹਿਬ ਸਿੰਘ, ਮੁਲਕ ਰਾਜ ਅਨੰਦ, ਪੰਜਾਬੀ ਗਾਇਕ ਅਮਰਿੰਦਰ ਗਿੱਲ ਅਤੇ ਰਣਜੀਤ ਬਾਵਾ ਵਰਗੇ ਅਣਮੁੱਲੇ ਹੀਰੇ ਸ਼ਾਮਲ ਹਨ।

ਖ਼ਾਲਸਾ ਕਾਲਜ, ਅੰਮ੍ਰਿਤਸਰ 1892 ਈ. ਵਿਚ ਸਥਾਪਿਤ ਕੀਤਾ ਗਿਆ ਸੀ। ਇਸਦਾ ਆਪਣਾ ਇੱਕ ਵਿਲੱਖਣ ਇਤਿਹਾਸ ਹੈ। ਇਸ ਵਿਦਿਅਕ ਸੰਸਥਾ ਦੀ ਇਮਾਰਤ ਭਾਈ ਰਾਮ ਸਿੰਘ ਦੁਆਰਾ ਡਿਜ਼ਾਇਨ ਕੀਤੀ ਗਈ ਸੀ। ਇਸ ਸੰਸਥਾ ਨੇ ਆਪਣੀ ਸਥਾਪਨਾ ਦੇ 130 ਸਾਲ ਪੂਰੇ ਕਰ ਲਏ ਹਨ। ਖ਼ਾਲਸਾ ਕਾਲਜ ਇਤਿਹਾਸਕ ਅਤੇ ਵਿਰਾਸਤੀ ਸੰਸਥਾ ਹੈ। ਇਸਦੀ ਸ਼ਾਨਦਾਰ ਇਮਾਰਤ ਅਤੇ ਇਸਦਾ ਖੁੱਲ੍ਹਾ ਕੈਂਪਸ ਜ਼ਿੰਦਗੀ ਵਿਚ ਕੁਝ ਵੱਡਾ ਕਰਨ ਲਈ ਪ੍ਰੇਰਨਾ ਦਿੰਦੀ ਹੈ। ਜਿਸ ਕਾਰਨ ਇਸ ਸੰਸਥਾ ਵਿਚ ਪੜ੍ਹ ਰਹੇ ਵਿਦਿਆਰਥੀਆਂ ਦੀ ਸੂਰਤ ਅਤੇ ਸੀਰਤ ਦੁਨੀਆ ਵਿਚ ਵੱਖਰੀ ਹੈ। ਖ਼ਾਲਸਾ ਕਾਲਜ ਨੇ ਨੈਕ (NAAC) ਵੱਲੋਂ ਲਗਾਤਾਰ ਏ (A) ਗ੍ਰੇਡ ਪ੍ਰਾਪਤ ਕੀਤਾ ਹੈ। ਕਿਉਂਕਿ ਇਸ ਵਿਚ ਕਾਲਜ ਨੇ ਹਰ ਵਾਰ ਵੱਧ ਅੰਕ ਪ੍ਰਾਪਤ ਕੀਤੇ ਹਨ। ਖ਼ਾਲਸਾ ਕਾਲਜ 2013-14 ਸੈਸ਼ਨ ਤੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਪਹਿਲਾ ਕਾਲਜ ਜਿਸ ਨੂੰ ਆਟੋਨੋਮਸ ਕਾਲਜ ਦਾ ਦਰਜਾ ਮਿਲਿਆ ਹੈ। ਜੋ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਨਾਲ ਐਫੀਲੀਏਟਿਡ ਹੈ। ਐੱਮ. ਏ. ਪੰਜਾਬੀ (PG) ਦੀ ਡਿਗਰੀ ਸਭ ਤੋਂ ਪਹਿਲਾਂ ਏਸੇ ਕਾਲਜ ਵਿਚ 1949 ਵਿਚ ਸ਼ੁਰੂ ਹੋਈ ਸੀ ਅਤੇ ਇਸ ਤੋਂ ਬਾਅਦ ਸਾਲ 2015-16 ਵਿਚ ਐੱਮ. ਫਿਲ. ਪੰਜਾਬੀ ਸ਼ੁਰੂ ਹੋਈ ਸੀ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਕਾਲਜਾਂ ਵਿਚੋਂ ਇਹ ਪਹਿਲਾ ਅਜਿਹਾ ਕਾਲਜ ਹੈ ਜੋ ਐੱਮ. ਫਿਲ. ਪੰਜਾਬੀ ਦੀ ਪੜ੍ਹਾਈ ਕਰਵਾ ਰਿਹਾ ਹੈ। ਪੰਜਾਬੀ ਆਲੋਚਨਾ ਦਾ ਵਿਧੀਪੂਰਵਕ ਆਰੰਭ ਖ਼ਾਲਸਾ ਕਾਲਜ ਦੇ ਪੰਜਾਬੀ ਵਿਭਾਗ ਦੇ ਪਹਿਲੇ ਮੁਖੀ ਪ੍ਰੋ. ਸੰਤ ਸਿੰਘ ਸੇਖੋਂ ਦੁਆਰਾ ਕੀਤਾ ਗਿਆ ਸੀ।

ਕਾਲਜ ਵੱਲੋਂ ਸੰਵਾਦ ਨਾਂਅ ਹੇਠ ਪੰਜਾਬੀ ਖੋਜ ਰਸਾਲਾ ਹਰ ਛੇ ਮਹੀਨੇ ਬਾਅਦ ਪ੍ਰਕਾਸ਼ਿਤ ਕੀਤਾ ਜਾਂਦਾ ਹੈ। ਜਿਸ ਵਿਚ ਵੱਖ ਵੱਖ ਵਿਦਵਾਨਾਂ ਦੇ ਖੋਜ ਪੱਤਰ ਸ਼ਾਮਲ ਹੁੰਦੇ ਹਨ। ਇਸ ਰਸਾਲੇ ਨੂੰ ਯੂ. ਜੀ. ਸੀ. (UGC) ਦੁਆਰਾ ਵੀ ਮਾਨਤਾ ਪ੍ਰਾਪਤ ਹੋ ਚੁੱਕੀ ਹੈ। ਇਸ ਤੋਂ ਇਲਾਵਾ ਕਾਲਜ ਦਾ "ਦਰਬਾਰ" ਰਸਾਲਾ ਹਰ ਸਾਲ ਪ੍ਰਕਾਸ਼ਿਤ ਕੀਤਾ ਜਾਂਦਾ ਹੈ। ਜਿਸ ਵਿਚ ਵਿਦਿਆਰਥੀਆਂ ਦੁਆਰਾ ਲਿਖੀਆਂ ਗਈਆਂ ਰਚਨਾਵਾਂ ਹੁੰਦੀਆਂ ਹਨ। ਇਹ ਰਸਾਲਾ ਕਾਲਜ ਦੇ ਬਹੁਤ ਸਾਰੇ ਸਾਹਿਤਕਾਰਾਂ ਲਈ ਪਲੇਟਫਾਰਮ ਬਣਿਆ।

ਖ਼ਾਲਸਾ ਕਾਲਜ ਦੇ ਮੌਜੂਦਾ ਪ੍ਰਿੰਸੀਪਲ ਡਾ. ਮਹਿਲ ਸਿੰਘ ਵਿਦਿਆਰਥੀਆਂ ਨੂੰ ਸਿਰਫ ਪੜ੍ਹਾਈ ਵਿਚ ਹੀ ਨਹੀਂ ਬਲਕਿ ਖੇਡਾਂ, ਸੱਭਿਆਚਾਰਕ ਅਤੇ ਸਾਹਿਤਕ ਗਤੀਵਿਧੀਆਂ ਵਿਚ ਵੀ ਹਿੱਸਾ ਲੈਣ ਲਈ ਪ੍ਰੇਰਦੇ ਹਨ। ਪੰਜਾਬੀ ਵਿਭਾਗ ਦੇ ਮੌਜੂਦਾ ਮੁਖੀ ਡਾ. ਆਤਮ ਸਿੰਘ ਰੰਧਾਵਾ ਵਿਦਿਆਰਥੀਆਂ ਨੂੰ ਆਪਣੀ ਭਾਸ਼ਾ ਅਤੇ ਵਿਰਸੇ ਨਾਲ ਜੁੜੇ ਰਹਿਣ ਲਈ ਆਏ ਸਾਲ ਸਾਹਿਤਕ ਸੈਮੀਨਾਰ, ਵਿਦਿਅਕ ਟੂਰ, ਪੁਸਤਕ ਮੇਲੇ ਆਦਿ ਵਰਗੀਆਂ ਗਤੀਵਿਧੀਆਂ ਕਾਲਜ ਵਿਚ ਪ੍ਰਿੰਸੀਪਲ ਸਾਹਿਬ ਦੀ ਸਹਾਇਤਾ ਨਾਲ ਕਰਵਾਉਂਦੇ ਰਹਿੰਦੇ ਹਨ।

ਪ੍ਰਿੰਸੀਪਲ ਸਾਹਿਬ ਅਤੇ ਪੰਜਾਬੀ ਵਿਭਾਗ ਦੇ ਮੁਖੀ ਡਾ. ਆਤਮ ਸਿੰਘ ਰੰਧਾਵਾ ਦੇ ਇਹਨਾਂ ਉਪਰਾਲਿਆਂ ਸਦਕਾ ਹੀ ਡਾ. ਹੀਰਾ ਸਿੰਘ ਦੀ ਅਗਵਾਹੀ ਹੇਠ ਪੰਜਾਬੀ ਵਿਭਾਗ ਦਾ ਵਿਦਿਆਰਥੀ ਪ੍ਰੀਤ ਸਿੰਘ ਭੈਣੀ "ਖ਼ਾਲਸਾ ਕਾਲਜ ਸੱਜਰਾ ਸਾਹਿਤ" ਨਾਂਅ ਦਾ ਮਹੀਨਾਵਰ ਆਨਲਾਇਨ ਰਸਾਲਾ ਸ਼ੁਰੂ ਕਰਨ ਜਾ ਰਿਹਾ ਹੈ। ਮੈਨੂੰ ਬਹੁਤ ਮਾਣ ਮਹਿਸੂਸ ਹੋ ਰਿਹਾ ਹੈ ਜੋ ਮੈਂ ਇਸ ਰਸਾਲੇ ਦੇ ਕੰਮ ਕਾਜ ਵਿਚ ਇੱਕ ਅਹਿਮ ਭੂਮਿਕਾ ਨਿਭਾ ਰਹੀ ਰਹੀ ਹਾਂ। ਉਮੀਦ ਕਰਦੀ ਹਾਂ ਕਿ ਇਹ ਰਸਾਲਾ ਆਉਣ ਵਾਲੇ ਸਮੇਂ ਵਿਚ ਪੰਜਾਬੀ ਸਾਹਿਤ ਦੇ ਵਿਕਾਸ ਵਿਚ ਆਪਣੀ ਇੱਕ ਅਹਿਮ ਥਾਂ ਬਣਾਵੇਗਾ।

ਪਵਨਦੀਪ ਕੌਰ

ਐੱਮ. ਏ. ਚੌਥਾ ਸਮੈਸਟਰ

ਨਵੇਂ ਸਾਲ ਦੇ ਚੜ੍ਹਦੇ ਸੂਰਜ

ਨਵੇਂ ਸਾਲ ਦੇ ਚੜ੍ਹਦੇ ਸੂਰਜ,

ਹੁਣ ਮੈਂ ਤੈਨੂੰ ਕੀ ਆਖਾਂ,

ਗਲਵਕੜੀ ਮਜ਼ਲੂਮ ਨੂੰ ਪਾਵਾਂ,

ਜਾਂ ਜ਼ਾਲਮ ਨੂੰ ਜੀ ਆਖਾਂ,

ਨਵੇਂ ਸਾਲ ਦੇ ਚੜ੍ਹਦੇ ਸੂਰਜ,

ਹੁਣ ਮੈਂ ਤੈਨੂੰ ਕੀ ਆਖਾਂ।

ਧੀਆਂ ਮਾਰਨ ਢਿੱਡਾਂ ਅੰਦਰ,

ਤੇ ਬਚ ਰਹੀਆਂ ਨੂੰ ਕੀ ਆਖਾਂ,

ਨਵੇਂ ਸਾਲ ਦੇ ਚੜ੍ਹਦੇ ਸੂਰਜ,

ਹੁਣ ਮੈਂ ਤੈਨੂੰ ਕੀ ਆਖਾਂ।

ਚਰਸ, ਅਫ਼ੀਮ, ਅਸੀਸ, ਹੈਰੋਇਨ,

ਕੀ ਕੀ ਨਾਂ ਨੇ ਨਸ਼ਿਆਂ ਦੇ,

ਕੀ ਮੈਂ ਬੋਤਲ ਦੇਵਾਂ ਤੈਨੂੰ,

ਜਾਂ ਫਿਰ ਅੰਮ੍ਰਿਤ ਪੀ ਆਖਾਂ,

ਨਵੇਂ ਸਾਲ ਦੇ ਚੜ੍ਹਦੇ ਸੂਰਜ,

ਹੁਣ ਮੈਂ ਤੈਨੂੰ ਕੀ ਆਖਾਂ।

ਪੂਰੇ 75 ਵਰ੍ਹੇ ਹੋ ਗਏ,

ਮੁਲਖ ਦੀ ਆਜ਼ਾਦੀ ਨੂੰ,

ਜਿਸਮਾਂ ਦੀ ਆਜ਼ਾਦੀ ਵੇਖ,

ਕਿਸ ਔਰਤ ਨੂੰ ਧੀ ਆਖਾਂ,

ਨਵੇਂ ਸਾਲ ਦੇ ਚੜ੍ਹਦੇ ਸੂਰਜ,

ਹੁਣ ਮੈਂ ਤੈਨੂੰ ਕੀ ਆਖਾਂ,

ਹੁਣ ਮੈਂ ਤੈਨੂੰ ਕੀ ਆਖਾਂ।

ਰਣਜੀਤ ਕੌਰ

ਐੱਮ. ਏ. ਚੌਥਾ ਸਮੈਸਟਰ

"ਵੱਸਦੇ ਫ਼ਕੀਰ ਜਿੱਥੇ ਜੋਗੀਆ"

ਸਾਡੇ ਦੇਸ ਪੰਜਾਬ ਦੀ ਸ਼ਾਨ ਨੂੰ ਸਮਰਪਿਤ

ਲੈ ਚੱਲ ਵੱਸਦੇ ਫ਼ਕੀਰ ਜਿੱਥੇ ਜੋਗੀਆ,

ਬਦਲ ਨੇ ਦਿੰਦੇ ਤਕਦੀਰ ਜਿੱਥੇ ਜੋਗੀਆ।

ਧੁਰੋਂ ਆਈ ਬਾਣੀ ਦੇ ਚਸ਼ਮੇ ਨੇ ਵਗਦੇ,

ਕਹਿੰਦੇ ਨਾਲ਼ੇ ਵਹਿੰਦੇ ਪੰਜ ਨੀਰ ਜਿੱਥੇ ਜੋਗੀਆ।

ਨਾਨਕ ਦੇ ਚੇਲੇ ਉਹ ਭੋਲ਼ੇ-ਭਾਲ਼ੇ ਲੋਕ ਨੇ,

ਹਵਾ ਵਿਚ ਗੂੰਜਦੇ ਫ਼ਰੀਦ ਦੇ ਸਲੋਕ ਨੇ।

ਗੁਜਰੀ ਦੇ ਬੇਟੇ ਹੱਥ ਸ਼ਮਸ਼ੀਰ ਜਿੱਥੇ ਜੋਗੀਆ,

ਲੈ ਚੱਲ ਵੱਸਦੇ ਫ਼ਕੀਰ ਜਿੱਥੇ ਜੋਗੀਆ।

ਨਾਥਾਂ ਦੇ ਵੀ ਨਾਥ ਓ ਤੇ ਵੇਦਾਂ ਦੇ ਰਚੇਤੇ ਨੇ,

ਖੁੱਲ੍ਹੇ ਨੇ ਸੁਭਾਅ ਤਾਂਹੀਂ ਜੱਗ ਦੇ ਚਹੇਤੇ ਨੇ।

ਵੰਡ ਪਾਊ ਕੋਈ ਨਾ ਲਕੀਰ ਜਿੱਥੇ ਜੋਗੀਆ,

ਲੈ ਚੱਲ ਵੱਸਦੇ ਫ਼ਕੀਰ ਜਿੱਥੇ ਜੋਗੀਆ।

ਜਿੱਥੇ ਨਹੀਓਂ ਰੋਣੇ ਅਤੇ ਹਾਸੇ ਸਭ ਪਾਸੇ ਨੇ,

ਬਾਟਿਆਂ 'ਚ ਪਾਣੀ ਨਾਲ਼ ਘੁਲ਼ਦੇ ਪਤਾਸੇ ਨੇ।

ਖੰਡਿਆਂ 'ਚੋਂ ਉਪਜੇ ਸਰੀਰ ਜਿੱਥੇ ਜੋਗੀਆ,

ਲੈ ਚੱਲ ਵੱਸਦੇ ਫ਼ਕੀਰ ਜਿੱਥੇ ਜੋਗੀਆ।

ਜਿੱਥੇ ਹਰਿ ਮੰਦਰ ਦਾ ਤੇਜ ਪ੍ਰਚੰਡ ਹੈ,

ਹੁੰਦੀ ਪ੍ਰਮਾਤਮਾ ਦੀ ਉਸਤਤ ਅਖੰਡ ਹੈ।

ਸੱਚਖੰਡ ਦੀ ਆ ਸੱਚੀ, ਤਸਵੀਰ ਜਿੱਥੇ ਜੋਗੀਆ,

ਲੈ ਚੱਲ ਵੱਸਦੇ ਫ਼ਕੀਰ ਜਿੱਥੇ ਜੋਗੀਆ।

ਉਡਦੀ ਖ਼ੁਸ਼ਹਾਲੀ ਦੀਹਦੀ ਜਿੱਥੋਂ ਦਿਆਂ ਖੇਤਾਂ 'ਚੋਂ,

ਇਸ਼ਕ ਦੀ ਮਹਿਕ ਆਵੇ ਸੋਨੇ ਜਹੀਆਂ ਰੇਤਾਂ 'ਚੋਂ।

ਯਾਰ ਨੂੰ ਖਵਾਉਣ ਪੱਟ ਚੀਰ ਜਿੱਥੇ ਜੋਗੀਆ,

ਲੈ ਚੱਲ ਵੱਸਦੇ ਫ਼ਕੀਰ ਜਿੱਥੇ ਜੋਗੀਆ।

ਸੁਰਮਈ ਰਾਤਾਂ ਦੀ ਨਿਆਰੀ ਹੈ ਤਾਬ ਜਿੱਥੇ,

ਚੌਥੇ ਪਹਿਰ ਰਾਤ ਦੇ ਛਿੜਦੀ ਰਬਾਬ ਜਿੱਥੇ।

ਧੁਨ ਉਹਦੀ ਫੁੱਲ ਕਰੇ ਕਰੀਰ ਜਿੱਥੇ ਜੋਗੀਆ,

ਲੈ ਚੱਲ ਵੱਸਦੇ ਫ਼ਕੀਰ ਜਿੱਥੇ ਜੋਗੀਆ।

ਸੁਰਗਾਂ ਦੀ ਯਾਦ ਦੇਣ ਉੱਚੇ ਜੀਹਦੇ ਪਹਾੜ ਨੇ,

ਇੰਝ ਲੱਗੇ ਹੇਠਾਂ ਆ ਗਏ ਬਹਿਸ਼ਤਾਂ ਉਜਾੜ ਨੇ।

ਵੱਸਣਾ ਨੇ ਚਾਹੁੰਦੇ ਪੰਜ ਪੀਰ ਜਿੱਥੇ ਜੋਗੀਆ,

ਲੈ ਚੱਲ ਵੱਸਦੇ ਫ਼ਕੀਰ ਜਿੱਥੇ ਜੋਗੀਆ।

ਰੂਹਾਂ ਵਿਚ ਰਚੇ ਅਤੇ ਪ੍ਰੇਮ ਦੇ ਪੁਜਾਰੀ ਨੇ,

ਦੇਖਿਆ ਹੈ ਮੈਂ ਉੱਥੇ ਸਭ ਕਾਨ ਮੁਰਾਰੀ ਨੇ।

ਮੂਰਤ ਪਿਆਰ ਦੀ ਹੈ ਹੀਰ ਜਿੱਥੇ ਜੋਗੀਆ,

ਲੈ ਚੱਲ ਵੱਸਦੇ ਫ਼ਕੀਰ ਜਿੱਥੇ ਜੋਗੀਆ।

ਸੋਹਣੇ ਨੇ ਜਵਾਨ ਤੇ ਕਪਾਹੀ ਜਿਵੇਂ ਫੁੱਟ ਨੇ,

ਪਾਣੀ ਵਾਂਗ ਸਬਰਾਂ ਦੇ ਭਰ ਜਾਂਦੇ ਘੁੱਟ ਨੇ।

ਅਨੰਦਾਂ ਵਾਲ਼ੀ ਛਕਦੇ ਨੇ ਖੀਰ ਜਿੱਥੇ ਜੋਗੀਆ,

ਲੈ ਚੱਲ ਵੱਸਦੇ ਫ਼ਕੀਰ ਜਿੱਥੇ ਜੋਗੀਆ।

ਅਣਖਾਂ ਦੀ ਜਾਗ ਲੱਗੀ ਰਾਜ ਦੁਲਾਰਿਆਂ ਨੂੰ,

ਫ਼ਤਿਹ ਹੈ ਨਸੀਬ ਹੋਈ ਗੁਰੂ ਕੇ ਪਿਆਰਿਆਂ ਨੂੰ।

ਪੀਰੀ ਦੇ ਨੇ ਧਾਰਨੀ ਮੀਰ ਜਿੱਥੇ ਜੋਗੀਆ,

ਲੈ ਚੱਲ ਵੱਸਦੇ ਫ਼ਕੀਰ ਜਿੱਥੇ ਜੋਗੀਆ।

ਜੰਗਲਾਂ 'ਚ ਅਨੰਦ ਦੀਆਂ ਚੌਕੀਆਂ ਨੇ ਭਰਦੇ,

ਹਾਕਮ ਨੇ ਜਿਹਨਾਂ ਦੀਆਂ ਕਲਮਾਂ ਤੋਂ ਡਰਦੇ।

ਜ਼ਫ਼ਰਨਾਮੇ ਦੀ ਹੈ ਤਿੱਖੀ ਤਕਰੀਰ ਜਿੱਥੇ ਜੋਗੀਆ,

ਲੈ ਚੱਲ ਵੱਸਦੇ ਫ਼ਕੀਰ ਜਿੱਥੇ ਜੋਗੀਆ।

ਜਿੱਥੇ ਸੰਗ-ਜ਼ਦਾ ਮਾਵਾਂ, ਧੀਆਂ ਤੇ ਸੁਆਣੀਆਂ,

ਚੁੱਕ ਲੈਣ ਤੇਗਾਂ ਇਹ ਵੀ ਪੜ੍ਹੀਆਂ ਕਹਾਣੀਆਂ।

ਲਹੂਆਂ ਵਿਚ ਕੇਸਰੀ ਵਹੀਰ ਜਿੱਥੇ ਜੋਗੀਆ,

ਲੈ ਚੱਲ ਵੱਸਦੇ ਫ਼ਕੀਰ ਜਿੱਥੇ ਜੋਗੀਆ।

ਬਾਗ਼ੀ ਨੇ ਹਕੂਮਤਾਂ ਤੋਂ ਸਦਾ ਰਹੇ ਆਕੀ ਨੇ,

ਸਦਾ ਰਹੇ ਅਜ਼ਾਦ ਭਾਵੇਂ ਰਹੇ ਥੋੜੇ ਬਾਕੀ ਨੇ।

ਸੰਤਾਂ ਦਿਆਂ ਹੱਥਾਂ ਵਿਚ ਤੀਰ ਜਿੱਥੇ ਜੋਗੀਆ,

ਲੈ ਚੱਲ ਵੱਸਦੇ ਫ਼ਕੀਰ ਜਿੱਥੇ ਜੋਗੀਆ।

ਸਾਹਿਬਜੀਤ ਸਿੰਘ
ਬੀ. ਏ. ਦੂਜਾ ਸਾਲ

ਸ਼ਆਲ

ਤੇਰੇ ਲਈ ਇੱਕ ਸ਼ਆਲ ਲਿਆਇਆ,

ਪਿਆਰ ਦਾ ਬੁਣਿਆ ਖਿਆਲ ਲਿਆਇਆ,

ਰੰਗ ਬੂਟੀਆਂ ਪਾ ਕੇ ਲੱਖਾਂ,

ਨਿੱਘਾ ਦਿਲ ਦਾ ਭਿਆਲ ਲਿਆਇਆ।

ਰੰਗ ਬਿਰੰਗੇ ਫੁੱਲ ਤਾਂ ਤੱਕ ਲੈ,

ਮੋਹ ਦੀਆਂ ਭਰੀਆ ਤੰਦਾਂ ਰੱਖ ਲੈ,

ਬੁੱਕਲ ਮਾਰ ਦਿਖਾ ਹਾਂ ਇਹਨੂੰ,

ਕਿੰਨਾ ਫੱਬਿਆ ਦੱਸਾਂ ਤੈਨੂੰ,

ਪਿਆਰ ਦਾ ਤੋਹਫਾ ਰੱਖ ਸਾਂਭ ਕੇ,

ਪਰ ਨਹੀਂ ਕੋਈ ਚੀਜ਼ ਕਮਾਲ ਲਿਆਇਆ,

ਤੇਰੇ ਲਈ ਇੱਕ ਸ਼ਆਲ ਲਿਆਇਆ।

ਨਿੱਕੇ ਨਿੱਕੇ ਮੋਤੀ ਸੋਹਣੇ,

ਤੇਰੇ ਵਾਂਗੂ ਮਨ ਨੂੰ ਮੋਹਣੇ,

ਅਣਮੁਲਾ ਜਿਉਂ ਤੇਰਾ ਹਾਸਾ,

ਪਰ ਇਸਦਾ ਮੁੱਲ ਨਹੀਂ ਇੰਨਾ ਖਾਸਾ,

ਤੈਨੂੰ ਜੱਚ ਜਾਏ ਮਸਾਂ ਹੀ ਲੱਭਾ,

ਫਿਰ ਫਿਰ ਕੇ ਮੈਂ ਭਾਲ ਲਿਆਇਆ,

ਤੇਰੇ ਲਈ ਇੱਕ ਸ਼ਆਲ ਲਿਆਇਆ।

ਸ਼ਹਿਬਾਜਦੀਪ ਸਿੰਘ ਗੁਲਸ਼ਨ

ਐੱਮ. ਏ. ਪੰਜਾਬੀ. ਦੂਜਾ ਸਮੈਸਟਰ

ਕਿਸਾਨ

ਜਦ ਕਿਸਾਨ ਆਪਣੀ ਫਸਲ ਦੀ ਪਰਾਲੀ ਸਾੜਦਾ ਏ,

ਤਾਂ ਉਸਦਾ ਧੂੰਆਂ ਸਿੱਧਾ ਦਿੱਲੀ ਪਹੁੰਚਦਾ ਏ,

ਪਰ ਜਦ ਕਿਸਾਨ ਹੱਕ ਦੀ ਮੰਗ ਕਰਦਾ ਏ,

ਤਾਂ ਉਸ ਦਿੱਲੀ ਦੇ ਕੰਨ ਬੋਲੇ ਹੋ ਜਾਂਦੇ ਨੇ।

ਵੋਟਾਂ ਲੈਣ ਲਈ,

ਕਿਸਾਨਾਂ ਦੇ ਤਰਲੇ ਮਾਰਦੇ ਨੇ,

ਸਰਕਾਰਾਂ ਬਣ ਜਾਣ ਤਾਂ,

ਓਹਨਾਂ ਦੇ ਹੀ ਢਿਡਾਂ 'ਚ ਲੱਤਾਂ ਮਾਰਦੇ ਨੇ।

ਕਿਸਾਨ ਤਾਂ ਪਹਿਲਾਂ ਹੀ,

ਕਰਜੇ 'ਚ ਡੁੱਬਦਾ ਜਾ ਰਿਹਾ ਏ,

ਬੈਂਕਾ ਦੀਆਂ ਲਿਮਟਾਂ,

ਰੋਜ਼ ਕਿਸਾਨ ਖ਼ੁਦਕੁਸ਼ੀਆਂ ਕਰਵਾ ਰਹੀਆਂ ਨੇ।

ਕਿਸਾਨੀ ਤਾਂ ਪੰਜਾਬ ਦੀ,

ਹੌਲੀ ਹੌਲੀ ਡੁੱਬ ਹੀ ਰਹੀ ਏ,

ਪਰ ਸਰਕਾਰ ਦੇ ਇਹ ਐਕਟ ਤਾਂ,

ਕਿਸਾਨ ਨੂੰ ਜੜ੍ਹੋਂ ਹੀ,

ਖ਼ਤਮ ਕਰਨ ਆ ਗਏ ਨੇ।

ਪਵਨਦੀਪ ਕੌਰ

ਐੱਮ. ਏ. ਚੌਥਾ ਸਮੈਸਟਰ

ਦੋਸਤੀ

ਸੁਣ ਪਿਆਰ ਦੀ ਗੱਲ ਨਾ ਕਰ,

ਮੇਰੀ ਮੰਨ ਅਸੀਂ ਦੋਸਤ ਬਣਕੇ ਰਹਿਨੇ ਆਂ,

ਥੋੜਾ ਹੱਸਦੇ ਥੋੜਾ ਲੜਦੇ ਆਂ ,

ਚੱਲ ਕਿਤੇ ਚਾਹ 'ਤੇ ਕੱਠਿਆਂ ਬਹਿਨੇ ਆਂ।

ਚੱਲ ਸਾਥ ਦੇਨੇ ਇੱਕ ਦੂਜੇ ਦਾ,

ਇੱਕ ਦੂਜੇ ਦੀਆਂ ਮੰਨ ਲੈਨੇ ਆਂ।

ਇਹ ਛੱਡਣ ਛੁਡਾਉਣ ਵਿਚ ਨਾ ਆਉ,

ਚੱਲ ਇੱਕ ਦੂਜੇ ਨੂੰ ਥੋੜਾ ਸਹਿਨੇ ਆਂ।

ਇਹ ਗਲਤ ਫਹਿਮੀ ਦੀਆਂ ਗੱਲਾਂ ਛੱਡ ,

ਇਹ ਧੋਖੇ ਧੂਖੇ ਦਾ ਵੀ ਚੱਕਰ ਨਾ ਪਊ,

ਚੱਲ ਇੱਕ ਦੂਜੇ ਨੂੰ ਸਮਝ ਅਸੀਂ ਲੈਨੇ ਆਂ।

ਸੁਣ ਆਹ ਪਿਆਰ ਦੀ ਗੱਲ ਨਾ ਕਰ ,

ਮੇਰੀ ਮੰਨ ਅਸੀਂ ਦੋਸਤ ਬਣਕੇ ਰਹਿਨੇ ਆਂ।

ਰੀਆ ਸ਼ਰਮਾ
ਬੀ. ਪੀ. ਟੀ. ਪਹਿਲਾ ਸਾਲ

ਮੇਰੀ ਕਲ਼ਮ ਹੀ ਮੇਰੀ ਤਲਵਾਰ ਹੈ

ਸਿਰ ਕਟਾਵੇਗੀ,

ਜਿਵੇਂ ਖੁਦ ਦਾ ਕਟਾ ਕੇ,

ਲਿਖਣ ਨੂੰ ਹੋਈ ਤਿਆਰ ਹੈ,

ਡੂੰਘਾ ਕਰਦੇ ਜੋ ਜ਼ਖਮਾਂ ਨੂੰ ਤੇਰੇ,

ਮੇਰੀ ਕਲ਼ਮ ਹੀ ਮੇਰੀ ਤਲਵਾਰ ਹੈ।

ਜੇ ਰੋਸ ਲਿਖ ਦੇਵਾਂ ਤੇ,

ਤਾਂ ਬਹੁਤ ਰੁੱਸ ਜਾਣਗੇ,

ਜੇ ਖੁਸ਼ੀ ਲਿਖ ਦੇਵਾਂ,

ਤਾਂ ਹੋ ਖੁਸ਼ ਜਾਣਗੇ,

ਲਿਖਦਾਂ ਤਾਰੀਫ ਜੇ,

ਮੁਟਿਆਰ ਖਿੜ ਜਾਊਗੀ,

ਧਰਮ ਲਈ ਜੇ ਲਿਖਦਾਂ,

ਖਲ਼ਕਤ ਭਿੜ ਜਾਊਗੀ,

ਜੋ ਵੀ ਲਿਖ ਦੇਵਾਂ ਮੈਂ,

ਕਰਨਾ ਪਊ ਅਖਤਿਆਰ ਹੈ,

ਡੂੰਘਾ ਕਰਦੇ ਜੋ ਜ਼ਖਮਾਂ ਨੂੰ ਤੇਰੇ,

ਮੇਰੀ ਕਲ਼ਮ ਹੀ ਮੇਰੀ ਤਲਵਾਰ ਹੈ।

ਲਿਖਾਂ ਜੰਗ ਬਾਰੇ ਜੇ,

ਤਾਂ ਸ਼ਹੀਦ ਜਾਗ ਪੈਣਗੇ,

ਹੋਊ ਜੇਤੂਆਂ ਦੀ ਵਾਹ,

ਹਾਰਿਆਂ ਦੇ ਦਾਗ ਰਹਿਣਗੇ,

ਜੇ ਪਾਣੀ ਬਾਰੇ ਲਿਖਾਂ,

ਤਾਂ ਹੜ੍ਹ ਯਾਦ ਆਊਗਾ,

ਜੇ ਗਿਆਨ ਬਾਰੇ ਲਿਖਾਂ,

ਚੇਲਾ ਗੁਰੂ ਨੂੰ ਧਿਆਊਗਾ,

ਗਰੀਬੀ ਲਿਖ ਦੇਵਾਂ ਜੇ,

ਪਊ ਭੁੱਖ ਦੀ ਹੀ ਮਾਰ ਹੈ,

ਡੂੰਘਾ ਕਰਦੇ ਜੋ ਜ਼ਖਮਾਂ ਨੂੰ ਤੇਰੇ,

ਮੇਰੀ ਕਲ਼ਮ ਹੀ ਮੇਰੀ ਤਲਵਾਰ ਹੈ।

ਇਸ਼ਕ ਬਾਰੇ ਲਿਖਾਂ ਜੇ,

ਹਰ ਆਸ਼ਕ ਪੜ੍ਹ ਰੋਊਗਾ,

ਜੇ ਮੌਤ ਬਾਰੇ ਲਿਖਾਂ,

ਹਰ ਮੁਰਦਾ ਉੱਠ ਖਲੋਊਗਾ,

ਕੀ ਮਾਂ ਬਾਰੇ ਲਿਖਾਂ,

ਸ਼ਬਦ ਮੁੱਕ ਜਾਣਗੇ,

ਬਾਪ ਦੇ ਬਲੀਦਾਨ ਅੱਗੇ,

ਸਭ ਸਾਹ ਸੁੱਕ ਜਾਣਗੇ,

ਸਦਾ ਡਿੱਗ-ਡਿੱਗ ਗਿਆਨ ਆਵੇ,

ਕਿਤਾਬਾਂ ਪੜ੍ਹ ਤੂੰ ਹਜ਼ਾਰ ਲੈ,

ਡੂੰਘਾ ਕਰਦੇ ਜੋ ਜ਼ਖਮਾਂ ਨੂੰ ਤੇਰੇ,

ਮੇਰੀ ਕਲ਼ਮ ਹੀ ਮੇਰੀ ਤਲਵਾਰ ਹੈ।

ਜੇ ਤੇਰੇ ਹੁਸਨ ਬਾਰੇ ਲਿਖਾਂ,

ਤਾਂ ਬੇਵਫਾ ਮੈਨੂੰ ਕਹੇਂਗੀ,

ਜੇ ਮੈਂ ਪੀੜ ਝੱਲੀ,

ਤਾਂ ਤੂੰ ਵੀ ਦੁੱਖ ਸਹੇਂਗੀ,

ਜੇ ਵਿਗਿਆਨ ਬਾਰੇ ਲਿਖਾਂ,

ਤਾਂ ਗਿਆਨ ਅਧੂਰਾ ਏ,

ਜੋ ਸੱਚੇ ਰਾਹ ਚੱਲੇ,

ਓਹੀ ਗੁਰੂ ਪੂਰਾ ਹੈ,

ਏਨਾ ਲਿਖ ਹੋਣਾ ਨਈਂ,

ਜਿੰਨਾ ਲਿਖਣ ਲਈ ਬੇਸ਼ੁਮਾਰ ਹੈ,

ਡੂੰਘਾ ਕਰਦੇ ਜੋ ਜ਼ਖਮਾਂ ਨੂੰ ਤੇਰੇ,

ਮੇਰੀ ਕਲ਼ਮ ਹੀ ਮੇਰੀ ਤਲਵਾਰ ਹੈ।

ਪ੍ਰੀਤ ਸਿੰਘ ਭੈਣੀ

ਐੱਮ. ਏ. ਪੰਜਾਬੀ ਦੂਜਾ ਸਮੈਸਟਰ

ਪਤੰਗਾਂ (ਗਜ਼ਲ)

ਡੋਰ ਟੁੱਟੀ ਤੇ ਵਾਂਗ 'ਪਤੰਗਾਂ',

ਕਈ ਲੁੱਟੇ ਕਈ ਮਾਰੇ ਜਾਂਦੇ,

ਵਗੀ 'ਸੀਤ' ਤੇ ਬਾਲਣ ਵਾਂਗੂ,

ਮਤਲਬ ਲਈ ਕਈ ਸਾੜੇ ਜਾਂਦੇ,

ਤੀਰ ਟੁੱਟੇ ਜਦ ਆਪਣਿਆਂ ਪਾਸੋਂ,

ਆਹ 'ਮਿਰਜ਼ੇ-ਮੁਰਜ਼ੇ' ਮਾਰੇ ਜਾਂਦੇ,

ਬਾਰਾਂ ਸਾਲ ਫਿਰ ਚਾਰ ਕੇ 'ਮੱਝੀਆਂ',

ਸਭ 'ਰਾਂਝੇ-ਰੁੰਝੇ' ਚਾਰੇ ਜਾਂਦੇ,

ਤੇ ਮਰ ਜਾਂਦੇ ਕਈ ਮਰਦੇ-ਮਰਦੇ ,

ਤੇ ਮਾਰ ਕਈਆਂ ਨੂੰ 'ਲਾਰੇ' ਜਾਂਦੇ,

ਦੁਨੀਆ ਜਿੱਤਣ ਵਾਲੇ ਵੀ ਫਿਰ,

ਇੱਥੇ ਆ ਕੇ ਹਾਰੇ ਜਾਂਦੇ,

ਦੁਰ-ਫਿਟੇਮੂਹ ਐਸੇ ਯਾਰ ਦੇ,

ਜੋ ਆਖ਼ਰ ਤੱਕ ਨਾ ਨਾਲੇ ਜਾਂਦੇ,

ਦੌਰ ਚੱਲੇ ਇਹ ‘ਕਲਯੁਗ’ ਵਾਲਾ,

ਸੱਚੇ ਪਿਆਰ-ਪਿਊਰ ਵੀ ਵਾਰੇ ਜਾਂਦੇ,

ਲਾ ਬਹਿੰਦੇ ਆ ਚਾਈਂ-ਚਾਈਂ,

ਲੱਗੀਆਂ ਦੇ ਮੁੱਲ ਨਾ ਤਾਰੇ ਜਾਂਦੇ,

ਜੋ ਤਰਕਾਂ ਦੇ ਨਾਲ ਦੱਬ ਨਹੀਂ ਹੁੰਦੇ,

ਬੰਦੇ ‘ਹਾਦਸਿਆਂ’ ਵਿਚ ਮਾਰੇ ਜਾਂਦੇ,

ਦੁਨੀਆ ਨੂੰ ਚਾਨਣ ਦਿੰਦੇ ਦਿੰਦੇ,

ਬੁੱਝ “ਦੀਪ” ਕਈ ਵਿਚਾਰੇ ਜਾਂਦੇ,

ਡੋਰ ਟੁੱਟੀ ਤੇ ਵਾਂਗ ‘ਪਤੰਗਾਂ’,

ਕਈ ਲੁੱਟੇ ਕਈ ਮਾਰੇ ਜਾਂਦੇ।

ਅਨਮੋਲਦੀਪ ਸਿੰਘ ਧਾਲੀਵਾਲ

ਬੀ. ਐੱਸ. ਸੀ. ਆਈ. ਟੀ.

ਛੇਵਾਂ ਸਮੈਸਟਰ

ਧਰਮ

ਧਰਮ ਦੇ ਨਾਂਅ 'ਤੇ ਰੋਜ਼ ਲੜਾਈਆਂ ਹੁੰਦੀਆਂ ਨੇ।

ਰੱਬ ਦੇ ਨਾਂਅ 'ਤੇ ਖੂਬ ਕਮਾਈਆਂ ਹੁੰਦੀਆਂ ਨੇ।

ਬਾਹਰ ਜਿਹੜੇ ਇੱਕ ਦੂਜੇ ਨੂੰ ਭੰਡਦੇ ਆ,

ਅੰਦਰ-ਖਾਤੇ ਸੁਲਾ ਸਫਾਈਆਂ ਹੁੰਦੀਆਂ ਨੇ।

ਨਾਮ ਤੇਰਾ

ਫੱਕਰਾਂ-ਫਕੀਰਾਂ ਕੋਲ ਬਹਿਣਾ ਚੰਗਾ ਲੱਗਦਾ,

ਕਦੇ-ਕਦੇ ਚੁੱਪ ਹੋ ਕੇ ਰਹਿਣਾ ਚੰਗਾ ਲੱਗਦਾ,

ਓਦਾਂ ਮੈਨੂੰ ਦੁਨੀਆ 'ਤੇ ਲੱਗਦਾ ਨੀ ਚੰਗਾ ਕੁਝ,

ਪਤਾ ਨੀਂ ਕਿਉਂ ਨਾਮ ਤੇਰਾ ਲੈਣਾ ਚੰਗਾ ਲੱਗਦਾ।

ਗੁਰਜੀਤ ਸਿੰਘ

ਬੀ. ਵੋਕ. ਥਿਏਟਰ ਐਂਡ ਸਟੇਜ ਕਰਾਫਟ

ਸਮੈਸਟਰ ਚੌਥਾ

ਧਰਮ

ਦੂਜੇ ਦਾ ਵੀ ਸਿੱਖਿਓ, ਪਰ ਆਪਣਾ ਸਿਖਾਇਓ,

ਦੂਜੇ ਦਾ ਵੀ ਪੜ੍ਹਿਓ, ਪਰ ਆਪਣਾ ਪੜ੍ਹਾਇਓ

ਦੂਜੇ ਦੇ ਨਾਲ, ਪਰ ਆਪਣਾ ਬਚਾਇਓ,

ਯਾਦ ਦੂਜੇ ਦਾ ਜੇ ਹੋਜੇ, ਭੁੱਲ ਆਪਣਾ ਨਾ ਜਾਇਓ,

ਗੁਰੂ ਨਾਨਕ ਤੋਂ ਲੈ ਕੇ ਚਾਨਣਾ ਖਾਲਸਾ ਰਾਜ ਤੱਕ ਪਾਇਓ,

"ੴ" ਦਾ ਵੀ ਦੱਸਿਓ,

ਜਪੁਜੀ ਸਾਹਿਬ ਵੀ ਸਿਖਾਇਓ,

ਪੰਜ ਬਾਣੀਆਂ ਵੀ ਪੜ੍ਹਿਓ,

ਰਹਿਰਾਸ ਨਾ ਛੱਡ ਜਾਇਓ,

ਸੁਖਮਨੀ ਸਾਹਿਬ ਨੂੰ ਚੌਕੜੇ ਇੱਕ 'ਚ ਕਰ ਜਾਇਓ,

ਚੌਪਈ ਸਾਹਿਬ ਪੜ੍ਹਿਓ,

ਕੀਰਤਨ ਸੋਹਿਲਾ ਵੀ ਗਾਇਓ,

ਸੱਚਾ ਸੁੱਚਾ ਅਰਦਾਸਾ,

ਫਿਰ ਬੋਲ ਕੇ ਸੁਣਾਇਓ,

ਕਿਵੇਂ ਤੱਤੀ ਤਵੀ 'ਤੇ ਬਿਠਾਏ,

ਨਾਲੇ ਦੇਗਾ 'ਚ ਉਬਾਲੇ,

ਕਿਵੇਂ ਖੋਪਰੀਆਂ ਲਹਾਈਆਂ,

ਤਨ ਆਰੇ ਨਾਲ ਚਿਰਾਏ,

ਕਿਵੇਂ ਚਰਖੜੀਆਂ 'ਤੇ ਚੜ੍ਹੇ,

ਬੰਦ ਬੰਦ ਨੇ ਕੱਟੇ ਨਾਲੇ, ਸੀਸ ਵੀ ਕਟਾਏ,

ਵੱਡੇ ਸ਼ਹੀਦੀ ਨਾਲ ਵਿਆਹੇ,

ਛੋਟੇ ਨੀਹਾਂ 'ਚ ਚਿਣਾਏ,

ਸੀ ਤੱਕ ਨਾ ਕੀਤੀ,

ਪੂਰੇ ਪਰਿਵਾਰ ਵੀ ਵਰਾਏ,

ਬਿਨ੍ਹਾਂ ਸੀਸ ਤੋਂ ਵੀ ਲੜੇ,

ਮੱਥੇ ਵੈਰੀ ਨਾਲ ਲਾਏ,

ਕਾਬਲ ਕੰਧਾਰ ਤੱਕ ਜੋਰ,

ਅਫਗਾਨ ਵੀ ਡਰਾਏ,

ਖਾਲਸਾ ਰਾਜ ਸੀ ਬਣਾਇਆ,

ਸਿੱਕੇ ਆਪਣੇ ਚਲਾਏ।

ਜਸਪ੍ਰੀਤ ਸਿੰਘ ਜਸ ਪੰਡੋਰੀ
ਬੀ. ਏ. ਚੌਥਾ ਸਮੈਸਟਰ

ਗੱਲ ਸੁਣਾਵਣ ਲੱਗਾ

ਗੱਲ ਸੁਣਾਵਣ ਲੱਗਾ

ਮੈਂ ਆਪਣੇ ਇਸ ਸ਼ਹਿਰ ਦੀ,

ਕੁੱਝ ਖਾਰੇ

ਤੇ ਕੁੱਝ ਮਿੱਠੇ ਪਾਣੀ ਦੇ ਭਰੇ

ਇਸ ਬਹਿਰ ਦੀ।

ਡਿੱਠੀ ਰੱਤ ਦੀ ਹੋਲੀ ਇਸ ਨੇ

ਜਦ ਪਈਆਂ

ਦੇਸ਼ ਵਿਚ ਵੰਢੀਆਂ ਸੀ,

ਲਹੂ ਲੁਹਾਣ ਹੋ ਗਈਆਂ

ਏਸ ਦੀਆਂ ਸੱਭੇ ਪਗਡੰਡੀਆਂ ਸੀ।

ਅਜ਼ਾਬ ਸੰਤਾਲ਼ੀ (47) ਦੇ

ਅਜੇ ਭੁੱਲੇ ਨਾਹੀਂ

ਕਿ ਚੌਰਾਸੀ (84) ਆਣ

ਇਸ ਦੀ ਚਿੱਕ 'ਤੇ

ਡੇਰਾ ਲਾ ਲਿਆ,

ਮਿਸਾਲ ਨਾ ਥਿਆਵੇ

ਕੁੱਲ ਜਹਾਨ ਵਿਚ

ਜਿੰਨ੍ਹਾਂ ਸੰਤਾਪ ਇਸ ਸ਼ਹਿਰ ਨੇ

ਆਪਣੀ ਕੰਡ ਉੱਤੇ ਹੰਢਾ ਲਿਆ।

ਬਾਰਾਂ ਦਰੀਂ ਵਿਚ ਵੱਸਦਾ ਸੀ

ਹੁਣ ਫੈਲ ਗਿਆ ਕਾਫ਼ੀ ਦੂਰ ਹੈ,

ਸ਼ਾਹੀ ਖਾਣ-ਪਾਣ ਇਸ ਸ਼ਹਿਰ ਦਾ

ਕੁੱਲ ਕਾਇਨਾਤ ਵਿਚ ਮਸ਼ਹੂਰ ਹੈ।

ਗੱਲ ਕਰਾਂ ਜੇਕਰ

ਇਸਦੇ ਵਸਨੀਕਾਂ ਦੀ

ਤਾਂ ਇਹ ਹੁੰਦੇ ਰੱਜ ਕੇ ਸ਼ੌਕੀਨ ਨੇ,

ਜਾਪਣ ਕਈਆਂ ਨੂੰ ਖੁਸ਼ਕ ਮਿਜ਼ਾਜੀ

ਪਰ ਬਹੁਤਿਆਂ ਨੂੰ ਲੱਗਦੇ ਰੰਗੀਨ ਨੇ।

ਭਾਈਚਾਰਕ ਸਾਂਝ ਸਦਾ

ਸ਼ਹਿਰ ਦੇ ਲੋਕ ਬਣਾ ਕੇ ਰੱਖਦੇ ਨੇ,

ਹੁਮ-ਹੁਮਾ ਕੇ ਨਿਭਾਉਣ ਸੇਵਾ ਰਲ਼ਕੇ

ਜਦ ਨਗਰ ਕੀਰਤਨ ਜਾਂ ਸ਼ੋਭਾ ਯਾਤਰਾ ਕੱਢਦੇ ਨੇ।

ਖ਼ਾਲਸਾ ਕਾਲਜ ਨੇ ਕਹਿੰਦੇ

ਸ਼ਹਿਰ ਦੀ ਖੂਬਸੂਰਤੀ ਨੂੰ

ਚੰਨ ਚਾਰ ਲਾਏ ਨੇ,

ਇਸ ਸ਼ਹਿਰ ਤੋਂ ਜਾਨ ਵਾਰਦੇ

ਜੋ ਇਸ ਸ਼ਹਿਰ ਦੇ ਜਾਏ ਨੇ।

ਇਸ ਸ਼ਹਿਰ ਦੀ ਹੋਂਦ

ਜਿਸ ਕਰਕੇ ਹੈ

ਉਹ ਕੇਂਦਰ ਹੈ ਰੂਹਾਨੀਅਤ ਦਾ,

ਨੇਕ ਵਿਚਾਰਾਂ ਨਾਲ ਭਰਪੂਰ ਨੇ

ਇਸ ਦੇ ਬਾਸ਼ਿੰਦੇ

ਜਿਵੇਂ ਪਾਠ ਅਜ਼ਲਾਂ ਤੋਂ ਪੜ੍ਹਿਆ ਹੋਵੇ

ਇਨ੍ਹਾਂ ਨੇ ਇਨਸਾਨੀਅਤ ਦਾ।

ਸਿਆਸਤਦਾਨਾਂ ਇਸ ਸ਼ਹਿਰ ਦਾ

ਬਹੁਤ ਨੁਕਸਾਨ ਕੀਤਾ ਹੈ,

ਇਸ ਸ਼ਹਿਰ ਨੇ ਫਿਰ ਵੀ

ਚੁੱਪ-ਚਪੀਤੇ ਘੁੱਟ ਸਬਰਾਂ ਵਾਲਾ ਪੀਤਾ ਹੈ।

ਮੈਂ ਟੁਰਾਂ ਜਦ ਵੀ

ਇਸ ਦਿਆਂ ਰਾਹਾਂ 'ਤੇ

ਤਾਂ ਇਤਿਹਾਸ ਹਰ ਮੋੜ 'ਤੇ

ਨਾਲ-ਨਾਲ ਟੁਰਦਾ ਹੈ,

ਹਰ ਨਵੀਂ ਸਵੇਰ ਨਾਲ

ਇੱਕ ਹੋਰ ਪੰਨਾ ਇਤਿਹਾਸ ਦਾ

ਇਹਦੇ ਵਿਚ ਆਣ ਜੁੜਦਾ ਹੈ।

'ਅਣਮੁੱਲੇ' ਲਈ ਦੋਜ਼ਖ ਜਿਹੀ ਸਜ਼ਾ ਹੋਵੇਗੀ

ਜੇ ਛੱਡਣੀ ਪੈ ਗਈ ਧਰਤੀ ਇਸ ਸ਼ਹਿਰ ਦੀ,

ਸੁਪੁਰਦ-ਏ-ਖ਼ਾਕ ਮੈਨੂੰ ਕਰ ਦਿਉ

ਇਸ ਤੋਂ ਪਹਿਲਾਂ ਦਸਤਕ ਦਵੇ

ਕੋਈ ਸ਼ਾਮ ਅਜਿਹੀ ਕਹਿਰ ਦੀ...

ਕੋਈ ਸ਼ਾਮ ਅਜਿਹੀ ਕਹਿਰ ਦੀ।

ਨਿਰਮਲਜੀਤ ਸਿੰਘ

ਬੀ. ਕਾਮ. ਛੇਵਾਂ ਸਮੈਸਟਰ

ਕਿਸਮਤ

ਕਿਸਮਤ ਦੇ ਗਈ ਧੋਖਾ,

ਮਿਲਣ ਦੀ ਕੋਸ਼ਿਸ਼ ਬਥੇਰੀ ਸੀ,

ਜਦੋਂ ਪਿਆਰ ਦੇ ਦੀਪਕ ਬਾਲੇ,

ਚੱਲਦੀ ਤੇਜ ਹਨੇਰੀ ਸੀ,

ਆਪਣੇ ਵੱਖ ਹੋਣ ਦਾ ਕਾਰਨ ਹੋਰ ਕੁਝ ਨਹੀਂ,

ਬਸ ਕਿਸਮਤ ਦੀ ਹੇਰਾ ਫੇਰੀ ਸੀ,

ਬਸ ਕਿਸਮਤ ਦੀ ਹੇਰਾ ਫੇਰੀ ਸੀ।

ਚਾਅ

ਮਿਲਿਆ ਕਰਦੇ ਸੀ ਜੋ ਕਦੀ ਚਾਵਾਂ ਦੇ ਨਾਲ,

ਯਾਦ ਆਉਂਦੇ ਆ ਅੱਜ ਓ ਨਾਵਾਂ ਦੇ ਨਾਲ,

ਮੰਜਿਲ ਮਹੁਤਾਜ ਨਹੀਂ ਹੁੰਦੀ ਕਿਸੇ ਸਾਥ ਦੀ,

ਗਿਲਾ ਕਰਦੇ ਰਹੇ ਅਸੀਂ ਐਵੇਂ ਰਾਹਾਂ ਦੇ ਨਾਲ।

ਗੁਰਦਿੱਤਾ ਸਿੰਘ
ਬੀ. ਏ. ਚੌਥਾ ਸਮੈਸਟਰ

ਇਬਾਦਤ

ਓ ਹਾਲ ਏ ਪੁੱਛਦਾ ਪਰ ਦੱਸਦਾ ਨਹੀਂ ਏ।

ਓ ਜਾਨ ਤਾਂ ਕਹਿੰਦਾ ਪਰ ਦੱਸਦਾ ਨਹੀਂ ਏ।

ਓ ਮਾਣ ਏ ਮੇਰਾ ਕਦੇ ਘੱਟਦਾ ਨਹੀਂ ਏ।

ਓ ਸੱਜਣਾ ਸੋਹਣਾ ਕਿਤੇ ਖੜਦਾ ਨਹੀਂ ਏ।

ਸਭ ਜਾਣ ਕੇ ਵੀ ਗੱਲ ਬੁਝਦਾ ਨਹੀਂ ਏ।

ਓ ਹਾਰ ਏ ਗਲ ਦਾ ਜਿਹੜਾ ਲਹਿੰਦਾ ਨਹੀਂ ਏ।

ਓ ਸਾਹ ਵਿਚ ਮੇਰੇ ਜਿਹੜਾ ਮੁੱਕਦਾ ਨਹੀਂ ਏ।

ਓ ਖੂਨ 'ਚ ਮੇਰੇ ਜਿਹੜਾ ਸੁੱਕਦਾ ਨਹੀਂ ਏ।

ਰਗ ਰਗ ਵਿਚ ਦੌੜੇ ਕਦੇ ਰੁੱਕਦਾ ਨਹੀਂ ਏ।

ਓ ਹਰ ਗੱਲ 'ਚ ਮੇਰੇ ਜਿਹੜਾ ਮੁੱਕਦਾ ਨਹੀਂ ਏ।

"ਬਲਜਿੰਦਰ" ਵਿਚ ਓ ਤੇਰੇ ਤੈਨੂੰ ਦਿੱਸਦਾ ਨਹੀਂ ਏ।

ਬਲਜਿੰਦਰ ਕੌਰ
ਗੁਰਮਤਿ ਟੀਚਰ ਟ੍ਰੇਨਿੰਗ
ਪਹਿਲਾ ਸਾਲ

ਓਹਦੀ ਰਜ਼ਾ

ਚਲ ਜੋ ਵੀ ਹੋਊਗੀ ਓਹਦੀ ਰਜ਼ਾ ਹੋਊਗੀ,

ਸਾਡੇ ਵੱਖ ਹੋਣ ਦੀ ਕੋਈ ਤਾਂ ਵਜ੍ਹਾ ਹੋਊਗੀ,

ਤੇਰਾ ਪੜ੍ਹਨਾ ਤੇ ਮੇਰਾ ਲਿਖਣ ਲੱਗ ਜਾਣਾ,

ਤੇਰਾ ਅਲੋਪ ਹੋਣਾ ਤੇ ਮੇਰਾ ਦਿਖਣ ਲੱਗ ਜਾਣਾ,

ਸ਼ਾਇਦ ਕਿਸੇ ਲਈ ਦਾਤ ਤੇ ਕਿਸੇ ਲਈ ਸਜਾ ਹੋਊਗੀ,

ਚਲ ਜੋ ਵੀ ਹੋਊਗੀ ਓਹਦੀ ਰਜ਼ਾ ਹੋਊਗੀ।

ਕੋਈ ਤੈਨੂੰ ਤੇ ਕੋਈ ਮੈਨੂੰ ਮਾੜਾ ਕਹਿੰਦਾ ਹੋਊਗਾ,

ਕੋਈ ਅੱਜ ਵੀ ਸਾਡਾ ਨਾਮ ਇਕੱਠਾ ਲੈਂਦਾ ਹੋਊਗਾ,

ਕਿਸੇ ਲਈ ਸਬਕ ਤੇ ਕਿਸੇ ਲਈ ਕਿੱਸਾ ਹੋਊਗਾ,

ਸਾਡਾ ਸਫ਼ਰ ਕਈਆਂ ਦੀ ਜ਼ਿੰਦਗੀ ਦਾ ਹਿੱਸਾ ਹੋਊਗਾ,

ਕਈ ਮੈਨੂੰ ਦੇਖਕੇ ਲਿਖਣ ਲੱਗੇ ਭੀੜ ਚੋਂ ਅੱਡ ਜਿਹੇ ਦਿਸਣ ਲੱਗੇ,

ਕੇ ਤੂੰ ਗੁੰਮਨਾਮ ਹੋਈ, ਇਸ ਗੱਲ ਲਈ ਮੈਂ ਥੋੜਾ ਬਦਨਾਮ ਤਾਂ ਹੋਊਗਾ,

ਚੰਗੇ ਮਾੜੇ ਦਾ ਪਤਾ ਨਹੀਂ ਪਰ ਸਾਡੇ ਮਿਲਣ ਦਾ ਕੋਈ ਅੰਜਾਮ ਤੇ ਹੋਊਗਾ।

ਜਿਉਣਾ ਔਖਾ ਹੋ ਗਿਆ,

ਪਰ ਇੱਕ ਦੂਜੇ ਬਿਨ ਮਰੇ ਤਾਂ ਨਹੀਂ

ਬੇਸ਼ਕ ਰੁੱਖਾਂ ਵਾਂਗੂ ਸੁੱਕ ਗਏ,

ਪਰ ਪੱਤਰਾਂ ਵਾਂਗੂ ਝੜੇ ਨਹੀਂ,

ਵੱਖ ਹੁੰਦੇ ਹੁੰਦੇ ਹੋ ਗਏ,

ਪਰ ਆਖਰੀ ਮੁਲਕਾਤ 'ਚ ਵੀ ਆਪਾਂ ਲੜੇ ਨਹੀਂ,

ਹੁਣ ਜਦੋਂ ਵੀ ਕਿਤੇ ਮਿਲੇ ਆਪਾਂ,

ਪਹਿਲੀ ਮੁਲਾਕਾਤ ਜਿਹਾ ਮਜ਼ਾ ਹੋਊਗਾ,

ਚਲ ਜੋ ਵੀ ਹੋਊ, ਵਿਚ ਓਹਦੀ ਰਜ਼ਾ ਹੋਊਗਾ।

ਵੈਸੇ ਤਾਂ ਹੁਣ ਵੱਖ ਦੇਸ਼ ਹੋ ਜਾਣੇ,

ਸਾਡੇ ਘਰ ਇੱਕ ਦੂਜੇ ਲਈ ਵਿਦੇਸ਼ ਹੋ ਜਾਣੇ,

ਸੁਫ਼ਨੇ ਰਹਿ ਜਾਣੇ ਮੁਲਾਕਾਤਾਂ ਦੇ,

ਤੇ ਕਿੱਸੇ ਬਣ ਜਾਣੇ ਬਾਤਾਂ ਦੇ,

ਚਲ ਦੁਆ ਕਰਦਾ ਕੇ ਤੂੰ ਖੁਸ਼ ਰਹੇ,

ਆਪਣੇ ਸੁਫ਼ਨਿਆਂ ਵਾਲੇ ਸ਼ਹਿਰ ਵਿਖੇ,

ਮੈਂ ਤਾਂ ਖੁਸ਼ ਹੋ ਜਾਂਦਾ ਅਕਸਰ ਉੱਥੇ ਜਾ ਕੇ,

ਮੇਰੇ ਨਾਲ ਨਾਲ ਪਈ ਤੇਰੀ ਪੈੜ ਜਿੱਥੇ।

ਅਰਮਾਨਦੀਪ ਸਿੰਘ

ਬੀ. ਸੀ. ਏ. ਪਹਿਲਾ ਸਾਲ

ਪਿਆਰ

ਪਿਆਰ ਦਾ ਇਜ਼ਹਾਰ ਕਰ,

ਮਨ ਖੁਸ਼ੀਆਂ ਨਾਲ ਨੱਚਿਆ,

ਜਦੋਂ ਸੱਜਣ ਦਾ ਦੀਦਾਰ ਹੋਇਆ ਸੀ।

ਓਹਦੇ ਸੋਹਣੇ ਮੁਖੜੇ ਤੇ ਤਿੱਖੀਆਂ ਨਜ਼ਰਾਂ ਦਾ,

ਮੈਂ ਵੀ ਸ਼ਿਕਾਰ ਹੋਇਆ ਸੀ।

ਇੱਕ ਦਿਨ ਆਇਆ ਏਦਾਂ ਦਾ,

ਜਦੋਂ ਸਾਡੇ ਪਿਆਰ ਦਾ ਇਜ਼ਹਾਰ ਹੋਇਆ ਸੀ।

ਸਾਨੂੰ ਵੀ ਇੱਕ ਦੂਜੇ 'ਤੇ ਇਤਬਾਰ ਹੋਇਆ ਸੀ।

ਜਿਵੇਂ ਹੋਵੇ ਰਾਂਝੇ ਹੀਰ ਦਾ, ਸੱਸੀ ਤੇ ਪੁੰਨੂੰ ਦਾ,

ਸਾਨੂੰ ਵੀ ਓਦਾਂ ਹੀ ਪਿਆਰ ਹੋਇਆ ਸੀ।

ਰੀਝਾਂ, ਉਮੀਦਾਂ ਤੇ ਸੱਧਰਾਂ ਨਾਲ ਬਣ ਕੇ,

ਸਾਡਾ ਵੀ ਇੱਕ ਸੁਫ਼ਨਿਆਂ ਦਾ ਮਹਿਲ ਤਿਆਰ ਹੋਇਆ ਸੀ।

ਸਾਨੂੰ ਵੀ ਇੱਕ ਦੂਜੇ ਨਾਲ ਪਿਆਰ ਹੋਇਆ ਸੀ।

ਮੈਂ ਕੀ ਜਾਣਾ ਪਿਆਰ ਸ਼ਰਤਾਂ ਨਾਲ ਨਿਭਾਉਣਾ ਪੈਂਦਾ,

ਮੈਂ ਤਾਂ ਓਹਦੇ ਖਿਆਲਾਂ ਵਿਚ ਗਵਾਰ ਹੋਇਆ ਸੀ।

ਜਨਮਾਂ ਜਨਮਾਂ ਦਾ ਸਾਥ ਨਿਭਾਉਣ ਦਾ,

ਸਾਡਾ ਵੀ ਖਿਆਲ ਹੋਇਆ ਸੀ।

ਏਨੀ ਸੋਹਣੀ ਖਿਆਲਾਂ ਦੀ ਦੁਨੀਆ ਸਜਾਈ ਸੀ ਅਸਾਂ,

ਜਿਵੇਂ ਰੱਬ ਸਾਡੇ 'ਤੇ ਦਿਆਲ ਹੋਇਆ ਸੀ।

ਮੈਂ ਵੀ ਪਿਆਰ ਵਿਚ ਬੇਹਾਲ ਹੋਇਆ ਸੀ।

ਮੈਨੂੰ ਵੀ ਇੱਕ ਕੁੜੀ ਨਾਲ ਪਿਆਰ ਹੋਇਆ ਸੀ।

ਅਰਚਿਤ ਪਾਂਡੇ
ਬੀ. ਏ. ਛੇਵਾਂ ਸਮੈਸਟਰ

ਇੱਕ ਤਰਫ਼ਾ ਪਿਆਰ (ਕਹਾਣੀ)

ਮਲਕੀਤ-ਬੀਬੀ ਚੱਲ ਅੱਜ ਮੈਂ ਤੈਨੂੰ ਸ਼ਹਿਰ ਦੀ ਸੈਰ ਕਰਵਾ ਕੇ ਲਿਆਉਂਦਾ ਹਾਂ।

ਬੀਬੀ(ਬਚਨ ਕੌਰ)-ਸਦਕੇ ਜਾਵਾਂ ਮੇਰੇ ਪੁੱਤ ਦੇ, ਪਰ ਅੱਜ ਕਿਧਰੋਂ ਸੂਰਜ ਚੜ੍ਹ ਆਇਆ?

ਮਲਕੀਤ-ਆਪੇ ਤਾਂ ਬੀਬੀ ਤੂੰ ਕਹਿੰਦੀ ਰਹਿੰਦੀ ਆ ਕਿ, ਤੈਨੂੰ ਸ਼ਹਿਰ ਘੁਮਾਉਣ ਨਹੀਂ ਲੈ ਕੇ ਜਾਂਦਾ ਕੋਈ। ਜੇ ਅੱਜ ਮੈਂ ਲੈ ਕੇ ਚੱਲਿਆ ਏ ਤਾਂ ਤੂੰ ਅੱਗਿਓਂ ਹੋਰ ਗੱਲਾਂ ਕਰਦੀ ਆ।

ਬੀਬੀ-ਚੱਲ ਪੁੱਤ ਤੂੰ ਤਾਂ ਗੁੱਸਾ ਹੀ ਕਰ ਗਿਆ ਲੱਗਦਾ ਏ, ਰੁੱਕ ਮੈਂ ਹੁਣੇ ਲੀੜੇ ਬਦਲ ਕੇ ਆਉਂਦੀ ਆ।

ਮਲਕੀਤ-ਲੈ ਦੱਸ, ਹਾਅ ਲੀੜਿਆ ਨੂੰ ਕੀ ਹੋਇਆ ਆ? ਚੰਗੇ ਭਲੇ ਤਾਂ ਹੈਗੇ ਆ।

ਬੀਬੀ-ਹੈ ਤੇ ਚੰਗੇ ਨੇ ਪੁੱਤ, ਪਰ ਬਾਹਰ ਸੌ ਜਾਣੇ ਟੱਕਰਦੇ ਆ। ਕੀ ਕਹਿਣਗੇ ਉਹ?

ਮਲਕੀਤ-ਚੱਲ ਛੇਤੀ ਕਰ ਫਿਰ ਮੈਨੂੰ ਹੋਰ ਵੀ ਕੰਮ ਆ। ਟਿਕਟਾਂ ਵੀ ਕਰਵਾਉਣ ਜਾਣਾ ਵਾ।

ਬੀਬੀ-ਪੁੱਤ ਬੱਸ ਮੈਂ ਹੁਣੇ ਆਈ।

ਐਨਾ ਕਹਿਣ ਉਪਰੰਤ ਮਲਕੀਤ ਦੀ ਬੀਬੀ ਇੱਕ ਕਮਰੇ ਅੰਦਰ ਵੜ ਗਈ ਅਤੇ ਮਲਕੀਤ ਘਰ ਦੇ ਹਾਲ ਵਿਚ ਹੀ ਅਖਬਾਰ ਲੈ ਕੇ ਬੈਠ ਗਿਆ। ਦੂਸਰੇ ਪਾਸੇ ਉਸ ਦੀ ਘਰਵਾਲੀ ਮਾਂ ਪੁੱਤ ਦੀਆਂ ਗੱਲਾਂ ਸੁਣ ਰਹੀ ਸੀ ਤੇ ਵੰਨ-ਸਵੰਨੇ ਮੂੰਹ ਬਣਾ ਕੇ ਮਲਕੀਤ ਵੱਲ ਕ੍ਰੋਧ ਭਰੀ ਨਿਗ੍ਹਾ ਨਾਲ ਵੇਖ ਰਹੀ ਸੀ। ਜਿਵੇਂ ਪਤਾ ਨਹੀਂ ਮਲਕੀਤ ਨੇ ਉਸ ਦੇ ਕਿ ਮਾਂਹ ਮਾਰੇ ਹੋਣ।

ਪਰ ਮਲਕੀਤ ਉਸ ਨੂੰ ਅਣ-ਦੇਖਿਆ ਕਰ ਕੇ ਅਖਬਾਰ ਪੜ੍ਹਨ ਵਿਚ ਲੱਗਾ ਰਿਹਾ।

ਐਨੇ ਨੂੰ ਮਲਕੀਤ ਦੀ ਬੀਬੀ ਲੀੜੇ ਬਦਲ ਕੇ ਆ ਗਈ। ਬਚਨ ਕੌਰ ਮਦਰਾਸ ਦੀ ਇੱਕ ਬਹੁਤ ਖੂਬਸੂਰਤ ਔਰਤ ਸੀ। ਜਿਸ ਨੂੰ ਮਲਕੀਤ ਦਾ ਬਾਪੂ ਮਦਰਾਸ ਤੋਂ ਵਿਆਹ ਕੇ ਲਿਆਇਆ ਸੀ। ਪੰਜਾਬ ਵਿਚ ਰਹਿੰਦੇ ਉਹਨਾਂ ਨੂੰ ਕਰੀਬ ਤੀਹ ਸਾਲ ਹੋ ਗਏ ਸਨ। ਬਚਨ ਕੌਰ ਦਾ ਨਾਮ ਵੀ ਮਲਕੀਤ ਦੇ ਬਾਪੂ ਨੇ ਆਪਣੀ ਮਾਂ ਦੇ ਨਾਮ ਤੋਂ ਹੀ ਰੱਖਿਆ ਸੀ। ਹੁਣ ਕਰੀਬ-ਕਰੀਬ ਬਚਨ ਕੌਰ ਚੰਗੀ ਤਰ੍ਹਾਂ ਪੰਜਾਬੀ ਪੜ੍ਹਦੀ ਵੀ ਤੇ ਬੋਲਦੀ ਵੀ। ਪਰ ਉਸ ਦਾ ਪਹਿਰਾਵਾ ਅੱਜ ਵੀ ਮਦਰਾਸ ਵਾਲਾ ਰਿਹਾ। ਹਾਂ ਕਦੇ-ਕਦੇ ਉਹ ਜਰੂਰ ਪੰਜਾਬੀ ਸੂਟ ਪਾ ਲੈਂਦੀ ਸੀ। ਉਹ ਬਹੁਤੀ ਸੋਹਣੀ ਤਾਂ ਨਹੀਂ ਸੀ, ਨੈਣ ਨਕਸ਼ ਬਹੁਤ ਸੋਹਣੇ ਸਨ। ਜਿਵੇਂ ਰੱਬ ਨੇ ਇਕੱਲਾ ਇਕੱਲਾ ਨੈਣ ਨਕਸ਼ ਬੜੀ ਰੀਝ ਨਾਲ ਤਿਆਰ ਕੀਤਾ ਹੋਵੇ। ਜਦੋਂ ਬਚਨ ਕੌਰ ਲੀੜੇ ਬਦਲ ਕੇ ਆਈ ਤਾਂ ਉਸ ਨੇ ਮਦਰਾਸਨਾ ਵਾਂਗੂੰ ਸਾੜੀ ਬੰਨੀ ਹੋਈ ਸੀ। ਹਲਕੇ ਜਿਹੇ ਰੰਗ ਦੀ ਸੀ ਜਿਸ 'ਤੇ ਲਕੀਰਾਂ ਖਿੱਚੀਆਂ ਹੋਈਆਂ ਸਨ। ਪੈਰੀ ਉਸ ਨੇ ਸੈਂਡਲਾਂ ਦੇ ਵਰਗੀ ਇੱਕ ਜੁੱਤੀ ਪਾਈ ਸੀ ਜੋ ਬਿਲਕੁਲ ਵੀ ਉੱਚੀ ਨਹੀਂ ਸੀ। ਬਾਹਰ ਹਲਕੀ ਜਿਹੀ ਠੰਡ ਹੋਣ ਕਰਕੇ ਸਾੜੀ ਦੇ ਉਪਰ ਦੀ ਹੀ ਉਸ ਨੇ ਇੱਕ ਸ਼ੌਲ ਲਿਆ ਸੀ। ਉਸ ਨੇ ਬਾਹਰ ਨਿਕਲਦੇ ਆਉਂਦੇ ਹੀ ਮਲਕੀਤ ਨੂੰ ਕਿਹਾ...

ਬਚਨ ਕੌਰ-ਚੱਲ ਪੁੱਤ ਮੈਂ ਤਿਆਰ ਹਾਂ।

ਮਲਕੀਤ ਨੇ ਅਖਬਾਰ ਰੱਖਦੇ ਹੋਏ ਆਪਣੀ ਬੀਬੀ ਵੱਲ ਦੇਖਿਆ ਤੇ ਕਿਹਾ..

ਮਲਕੀਤ-ਚੱਲ ਆ ਜਾ ਬੀਬੀ।

ਮਲਕੀਤ ਅੱਗੇ ਹੋ ਤੁਰਿਆ ਅਤੇ ਬਚਨ ਕੌਰ ਉਸ ਦੇ ਮਗਰੇ ਤੁਰ ਪਈ। ਬਾਹਰ ਨਿਕਲਦੇ ਹੀ ਮਲਕੀਤ ਨੇ ਇੱਕ ਆਟੋ ਰਿਕਸ਼ੇ ਵਾਲੇ ਨੂੰ ਹੱਥ ਦਿੱਤਾ।

ਮਲਕੀਤ ਅਤੇ ਬਚਨ ਕੌਰ ਆਟੋ ਵਿਚ ਬੈਠ ਗਏ। ਮਲਕੀਤ ਨੇ ਬੀਬੀ ਨੂੰ ਕਿਹਾ....

ਮਲਕੀਤ-ਬੀਬੀ ਕਿੱਥੇ ਚੱਲੀਏ ਪਹਿਲਾਂ?

ਬਚਨ ਕੌਰ-ਜਿੱਥੇ ਤੇਰਾ ਦਿੱਲ ਕਰਦਾ ਪੁੱਤ ਓਥੇ ਹੀ ਲੈ ਚੱਲ। ਮੈਂ ਕਿਹੜਾ ਬਹੁਤ ਘੁੰਮਦੀ ਰਹਿੰਦੀ ਹਾਂ। ਤੇਰੇ ਬਾਪੂ ਨਾਲ ਜਰੂਰ ਕਦੇ-ਕਦੇ ਬਾਜ਼ਾਰ ਆ ਜਾਂਦੀ ਸੀ। ਪਰ ਜਿਉਂ ਤੇਰਾ ਬਾਪੂ ਗੁਜਰਿਆ ਮੁੜ ਨਹੀਂ ਕਦੇ ਘੁੰਮਣ ਨੂੰ ਦਿਲ ਕੀਤਾ। ਚੱਲ ਏਦਾਂ ਕਰ ਪਹਿਲਾਂ ਗੁਰੂ ਘਰ ਚੱਲਦੇ ਆ।

ਮਲਕੀਤ-ਨਹੀਂ ਬੀਬੀ ਗੁਰੂ ਘਰ ਆਉਂਦੇ ਹੋਏ ਚੱਲਾਂਗੇ ਪਹਿਲਾਂ ਕਿਤੇ ਹੋਰ ਘੁੰਮਦੇ ਹਾਂ।

ਬਚਨ ਕੌਰ-ਚੱਲ ਜਿਵੇਂ ਤੇਰਾ ਮਨ ਓਦਾਂ ਕਰ ਲੈ।

ਮਲਕੀਤ-ਵੀਰੇ ਮੇਨ ਬਾਜ਼ਾਰ ਲੈ ਚੱਲ।

ਆਟੋ ਵਾਲਾ-ਠੀਕ ਆ ਭਾਜੀ।

ਕੁਝ ਕੁ ਦੇਰ ਬਾਅਦ ਆਟੋ ਮੇਨ ਬਾਜ਼ਾਰ ਵਿਚ ਚਲਾ ਗਿਆ। ਮਲਕੀਤ ਨੇ ਆਟੋ ਵਾਲੇ ਨੂੰ ਇੱਕ ਹੋਟਲ ਸਾਹਮਣੇ ਰੁਕਣ ਲਈ ਕਿਹਾ ਅਤੇ ਫਿਰ ਉਸਦਾ ਬਣਦਾ ਕਿਰਾਇਆ ਦਿੱਤਾ। ਮਲਕੀਤ ਆਪਣੀ ਬੀਬੀ ਨੂੰ ਨਾਲ ਲੈ ਕੇ ਹੋਟਲ ਦੇ ਮੂਹਰਲੇ ਬੂਹੇ ਤੱਕ ਜਾ ਪੁੱਜਾ। ਹੋਟਲ ਦੇ ਬਾਹਰ ਖੜੇ ਇੱਕ ਕਰਮਚਾਰੀ ਨੇ ਬੂਹਾ ਖੋਲ੍ਹਿਆ ਅਤੇ ਮਲਕੀਤ ਨੂੰ ਸਤਿ ਸ਼੍ਰੀ ਅਕਾਲ ਬੁਲਾਈ। ਇਹ ਕਰਮਚਾਰੀ ਖ਼ਾਸ ਕਰਕੇ ਲੋਕਾਂ ਦੇ ਸਵਾਗਤ ਲਈ ਹੀ ਹੁੰਦੇ ਨੇ।

ਅੱਗਿਓਂ ਮਲਕੀਤ ਨੇ ਉਸ ਦੀ ਸਤਿ ਸ਼੍ਰੀ ਅਕਾਲ ਦਾ ਕੋਈ ਜੁਆਬ ਨਾ ਦਿੱਤਾ ਅਤੇ ਚੁੱਪ-ਚਾਪ ਅੰਦਰ ਲੰਘ ਗਿਆ। ਮਗਰੇ ਹੀ ਉਸਦੀ ਬੀਬੀ ਵੀ ਲੰਘ ਗਈ। ਦੋਨੋਂ ਇੱਕ ਲੱਗੇ ਟੇਬਲ 'ਤੇ ਬੈਠ ਗਏ। ਮਲਕੀਤ ਨੇ ਓਸੇ ਟੇਬਲ 'ਤੇ ਪਿਆ ਭੋਜਨ ਵਾਲਾ ਪੱਤਰਾ ਫੜ੍ਹਿਆ ਅਤੇ ਉਸ 'ਤੇ ਲਿਖੇ ਵੱਖ-ਵੱਖ ਪ੍ਰਕਾਰ ਦੇ ਭੋਜਨ ਬਾਰੇ ਪੜ੍ਹਨ ਲੱਗਾ ਅਤੇ ਆਪਣੀ ਬੀਬੀ ਨੂੰ ਪੁੱਛਿਆ..

ਮਲਕੀਤ-ਬੀਬੀ ਕੀ ਖਾਵੇਂਗੀ?

ਬਚਨ ਕੌਰ-ਕੁਝ ਨੀ ਪੁੱਤ ਮੈਂ ਤਾਂ ਗੁਰੂ ਘਰ ਦਾ ਲੰਗਰ ਖਾਣਾ ਵਾ।

ਮਲਕੀਤ-ਕੋਈ ਨਾ ਬੀਬੀ ਉਹ ਵੀ ਖਾ ਲਵੀਂ। ਪਰ ਹੁਣ ਤਾਂ ਕੁਝ ਖਾਣਾ ਈ ਪੈਣਾ ਵਾ। ਫਿਰ ਕਹੇਂਗੀ ਮੈਨੂੰ ਕੁਝ ਖਵਾਇਆ ਨਹੀਂ।

ਬਚਨ ਕੌਰ-ਨਹੀਂ ਪੁੱਤ ਮੈਂ ਨੀ ਕਹਿੰਦੀ ਕੁਝ। ਜੇ ਹਾਅ ਗੱਲ ਵਾ ਤਾਂ ਤੇਰਾ ਜੋ ਦਿੱਲ ਕਰਦਾ ਮੰਗਵਾ ਲੈ, ਮੈਂ ਖਾ ਲਵਾਂਗੀ।

ਮਲਕੀਤ ਨੇ ਇੱਕ ਹੋਟਲ ਦੇ ਕਰਮਚਾਰੀ ਨੂੰ ਆਵਾਜ਼ ਮਾਰੀ। ਜੋ ਕਿ ਹਰ ਟੇਬਲ ਦੇ ਕੋਲ ਜਾ ਕੇ ਲੋਕਾਂ ਨੂੰ ਖਾਣ ਬਾਰੇ ਪੁੱਛਦਾ ਸੀ ਅਤੇ ਲੋਕਾਂ ਦੇ ਕਹਿਣ ਮੁਤਾਬਿਕ ਹੀ ਭੋਜਨ ਬਾਰੇ ਲਿਖਦਾ ਅਤੇ ਤਿਆਰ ਹੋਣ ਤੋਂ ਬਾਅਦ ਭੇਜ ਦਿੰਦਾ। ਅਸਲ ਵਿਚ ਉਸਦਾ ਇਹੀ ਕੰਮ ਸੀ, ਬਸ ਲੋਕਾਂ ਕੋਲੋਂ ਭੋਜਨ ਬਾਰੇ ਪੁੱਛਣਾ। ਮਲਕੀਤ ਦੇ ਆਵਾਜ਼ ਮਾਰਦੇ ਸਾਰ ਹੀ ਉਹ ਟੇਬਲ ਦੇ ਕੋਲ ਆ ਗਿਆ। ਮਲਕੀਤ ਨੇ ਉਸ ਨੂੰ ਕੁਝ ਆਪਣੀ ਪਸੰਦ ਦੇ ਭੋਜਨ ਲਿਖਵਾਏ ਅਤੇ ਜਲਦੀ ਨਾਲ ਲੈ ਕੇ ਆਉਣ ਲਈ ਕਿਹਾ। ਉਹ ਕਰਮਚਾਰੀ ਓਥੋਂ ਚਲਾ ਗਿਆ। ਮਲਕੀਤ ਅਤੇ ਬਚਨ ਕੌਰ ਆਪਸ ਵਿਚ ਕੋਈ ਗੱਲ ਬਾਤ ਨਹੀਂ ਸਨ ਕਰ ਰਹੇ। ਬਚਨ ਕੌਰ ਆਪਣੀ ਕੁਰਸੀ 'ਤੇ ਬੈਠੇ ਹੀ ਆਪਣੇ ਆਸ ਪਾਸ ਦੇਖ ਰਹੀ ਸੀ। ਕਦੇ ਉਹ ਮੁੜ ਕੇ ਪਿੱਛੇ ਵੱਲ ਦੇਖਦੀ ਅਤੇ ਕਦੇ ਏਧਰ-ਓਧਰ।

ਆਸ ਪਾਸ ਰੌਣਕ ਬਹੁਤ ਸੀ ਪਰ ਸ਼ੋਰ ਬਿਲਕੁਲ ਨਹੀਂ ਸੀ ਆ ਰਿਹਾ। ਸਾਰੇ ਪਾਸੇ ਚੁੱਪ ਜਿਹੀ ਛਾਈ ਹੋਈ ਸੀ। ਬਚਨ ਕੌਰ ਇਸ ਗੱਲ ਲਈ ਹੈਰਾਨ ਸੀ ਪਰ ਕੁਝ ਬੋਲੀ ਨਹੀਂ। ਦਰਅਸਲ ਉਸ ਨੂੰ ਬਹੁਤੀ ਸ਼ਾਂਤੀ ਵਾਲਾ ਮਾਹੌਲ ਬਿਲਕੁਲ ਵੀ ਪਸੰਦ ਨਹੀਂ ਸੀ। ਪਰ ਉਹ ਚੁੱਪ ਹੀ ਬੈਠੀ ਰਹੀ। ਐਨੇ ਨੂੰ ਦੋ ਕਰਮਚਾਰੀ ਮਲਕੀਤ ਦੇ ਦੱਸੇ ਹੋਏ ਭੋਜਨ ਲੈ ਕੇ ਹਾਜ਼ਿਰ ਹੋ ਗਏ। ਉਹਨਾਂ ਭੋਜਨ ਲਿਆ ਕੇ ਟੇਬਲ 'ਤੇ ਰੱਖ ਦਿੱਤਾ। ਮਲਕੀਤ ਨੇ ਆਪਣੀ ਪਲੇਟ ਫੜੀ ਅਤੇ ਆਪ ਪਾ ਕੇ ਖਾਣਾ ਸ਼ੁਰੂ ਕਰ ਦਿੱਤਾ। ਉਸ ਦੀ ਮਾਂ ਦੇਖ ਕੇ ਬਹੁਤ ਹੈਰਾਨ ਹੋਈ ਕੇ ਉਸ ਨੂੰ ਪੁੱਛੇ ਬਗੈਰ ਹੀ ਉਸ ਨੇ ਖਾਣਾ ਸ਼ੁਰੂ ਕਰ ਦਿੱਤਾ। ਉਸ ਨੂੰ ਬਹੁਤ ਠੇਸ ਲੱਗੀ ਪਰ ਫਿਰ ਵੀ ਸ਼ਾਂਤ ਰਹੀ। ਬਚਨ ਕੌਰ ਨੇ ਆਪੇ ਆਪਣੀ ਪਲੇਟ ਫੜੀ ਤੇ ਥੋੜ੍ਹਾ ਜਿਹਾ ਭੋਜਨ ਪਾ ਕੇ ਖਾਣਾ ਸ਼ੁਰੂ ਕਰ ਦਿੱਤਾ। ਪਰ ਉਸ ਨੇ ਮਸਾਂ ਹੀ ਦੋ ਕੁ ਬੁਰਕੀਆਂ ਖਾਧੀਆਂ ਹੋਣੀਆਂ ਵਾ। ਉਹ ਵੀ ਬਹੁਤ ਹੀ ਮੁਸ਼ਕਿਲ ਨਾਲ। ਉਸ ਨੂੰ ਭੁੱਖ ਤਾਂ ਲੱਗੀ ਸੀ ਪਰ ਆਪਣੇ ਪੁੱਤ ਦੀ ਹਰਕਤ ਦੇ ਕਾਰਨ ਕੋਈ ਬੁਰਕੀ ਚੱਜ ਨਾਲ ਗਲੇ ਤੋਂ ਹੇਠਾਂ ਨਹੀਂ ਸੀ ਉੱਤਰ ਰਹੀ। ਉਹ ਭਰੀ-ਪੀਤੀ ਚੁੱਪ ਰਹੀ। ਫਿਰ ਬਚਨ ਕੌਰ ਨੇ ਪੀਣ ਦੇ ਲਈ ਪਾਣੀ ਦੇ ਗਿਲਾਸ ਨੂੰ ਹੱਥ ਪਾਇਆ ਤਾਂ ਅਚਾਨਕ ਉਸਦਾ ਹੱਥ ਪਾਣੀ ਵਾਲੇ ਜੱਗ ਨੂੰ ਵੱਜ ਗਿਆ ਜਿਸ ਕਾਰਨ ਪਾਣੀ ਵਾਲਾ ਜੱਗ ਮੇਜ ਉੱਪਰ ਹੀ ਡਿੱਗ ਪਿਆ ਅਤੇ ਪਾਣੀ ਰੁੜ ਗਿਆ। ਮਲਕੀਤ ਹਲਕਾਇਆ ਹੋਇਆ ਉੱਠਿਆ ਅਤੇ ਆਪਣੀ ਬੀਬੀ ਦੇ ਗਲ ਪੈ ਗਿਆ।

ਮਲਕੀਤ-ਬੀਬੀ ਕੀ ਹੋਇਆ ਤੈਨੂੰ ਖਾਣਾ ਨਹੀਂ ਆਉਂਦਾ? ਜੇ ਹੁਣੇ ਪਾਣੀ ਮੇਰੇ 'ਤੇ ਰੁੜ ਜਾਂਦਾ ਫਿਰ?

ਬਚਨ ਕੌਰ-ਪੁੱਤ ਮੈਂ ਤਾਂ ਪਾਣੀ ਪੀਣ ਲੱਗੀ ਸੀ, ਪਤਾ ਨਹੀਂ ਕੀ ਹੋਇਆ ਹੱਥ ਜੱਗ ਨੂੰ ਵੱਜ ਗਿਆ।

ਮਲਕੀਤ-ਮੈਂ ਤਦੇ ਤੈਨੂੰ ਕਿਤੇ ਲੈ ਕੇ ਨਹੀਂ ਜਾਂਦਾ। ਪਤਾ ਵਾ ਕਿ ਤੈਨੂੰ ਖਾਣ-ਪੀਣ ਦਾ ਚੱਜ ਨਹੀਂ।

ਬਚਨ ਕੌਰ ਕੁਝ ਨਾ ਬੋਲੀ ਅਤੇ ਚੁੱਪ ਚਾਪ ਬੈਠੀ ਰਹੀ। ਮਲਕੀਤ ਵੀ ਆਪਣੀ ਕੁਰਸੀ ਉੱਪਰ ਬੈਠ ਗਿਆ ਪਰ ਉਸ ਨੇ ਆਪਣੀ ਬੀਬੀ ਨੂੰ ਝਿੜਕਣਾ ਬੰਦ ਨਹੀਂ ਕੀਤਾ। ਕੁਝ ਨਾ ਕੁਝ ਬੋਲਦਾ ਹੀ ਰਿਹਾ। ਮਲਕੀਤ ਨੇ ਕਾਹਲੀ ਨਾਲ ਆਪਣਾ ਭੋਜਨ ਖਤਮ ਕੀਤਾ ਅਤੇ ਕਰਮਚਾਰੀ ਨੂੰ ਖਾਧੇ ਹੋਏ ਭੋਜਨ ਦਾ ਬਿੱਲ ਲੈ ਕੇ ਆਉਣ ਲਈ ਕਿਹਾ। ਕਰਮਚਾਰੀ ਬਿੱਲ ਲੈ ਕੇ ਆਇਆ। ਮਲਕੀਤ ਨੇ ਬਣਦੇ ਪੈਸੇ ਦਿੱਤੇ ਅਤੇ ਉੱਠ ਕੇ ਤੁਰ ਪਿਆ।ਮਗਰੇ ਹੀ ਬਚਨ ਕੌਰ ਵੀ ਉੱਠ ਕੇ ਤੁਰ ਪਈ। ਉਹ ਜਲਦੀ ਨਾਲ ਹੋਟਲ 'ਚੋਂ ਬਾਹਰ ਨਿਕਲਿਆ ਅਤੇ ਬਚਨ ਕੌਰ ਵੀ ਉਸਦੇ ਮਗਰੇ ਹੀ ਤੁਰਦੀ ਗਈ। ਮਲਕੀਤ ਨੇ ਕ੍ਰੋਧ ਦੇ ਕਾਰਨ ਕਰੀਬ ਦਸ ਮਿੰਟ ਤੱਕ ਆਪਣੀ ਬੀਬੀ ਨਾਲ ਕੋਈ ਗੱਲ-ਬਾਤ ਨਾ ਕੀਤੀ ਅਤੇ ਪੈਦਲ ਹੀ ਚਲਦਾ ਰਿਹਾ। ਫਿਰ ਉਹ ਇੱਕ ਬਣੀ ਹੋਈ ਪਾਰਕ ਵਿਚ ਜਾ ਕੇ ਰੁੱਕ ਗਿਆ ਅਤੇ ਇੱਕ ਕੰਕਰੀਟ ਦੇ ਬਣੇ ਹੋਏ ਬੈਂਚ 'ਤੇ ਜਾ ਕੇ ਬੈਠ ਗਿਆ। ਬਚਨ ਕੌਰ ਵੀ ਉਸਦੇ ਮਗਰ ਹੀ ਚਲਦੀ ਉਸਦੇ ਕੋਲ ਆ ਕੇ ਬੈਠ ਗਈ। ਦੋਨੋਂ ਕੁਝ ਦੇਰ ਤੱਕ ਚੁੱਪ ਬੈਠੇ ਰਹੇ। ਅੱਜ ਛੁੱਟੀ ਦਾ ਦਿਨ ਸੀ ਐਤਵਾਰ। ਪਾਰਕ ਵਿਚ ਇੱਕ ਪਾਸੇ ਪੰਗੂੜੇ ਲੱਗੇ ਹੋਏ ਸਨ ਜਿਸ 'ਤੇ ਬੱਚੇ ਬੜੀ ਮਸਤੀ ਕਰ ਰਹੇ ਸਨ। ਬਚਨ ਕੌਰ ਦਾ ਧਿਆਨ ਉਹਨਾਂ ਵੱਲ ਗਿਆ ਅਤੇ ਦੇਖ ਕੇ ਖੁਸ਼ ਹੋਣ ਲੱਗ ਪਈ। ਫਿਰ ਉਸ ਨੇ ਮਲਕੀਤ ਨੂੰ ਕਿਹਾ..

ਬਚਨ ਕੌਰ-ਮਲਕੀਤ ਤੂੰ ਗੁੱਸਾ ਬੜੀ ਜਲਦੀ ਹੋ ਜਾਂਦਾ ਵਾ। ਐਨਾ ਗੁੱਸਾ ਨਾ ਹੋਇਆ ਕਰ।

ਮਲਕੀਤ ਫਿਰ ਆਪਣੀ ਬੀਬੀ ਨੂੰ ਟੁੱਟ ਕੇ ਪਿਆ..

ਮਲਕੀਤ-ਗੁੱਸਾ ਨਾ ਕਰਾ ਤੇ ਹੋਰ ਕੀ ਕਰਾ ਭਲਾ? ਏਦਾਂ ਵੀ ਕੋਈ ਕਰਦਾ ਜਿੱਦਾਂ ਤੂੰ ਕੀਤੀ ਅੱਜ। ਬੇਇਜ਼ਤੀ ਕਰਵਾ ਕੇ ਰੱਖ ਦਿੱਤੀ।

ਬਚਨ ਕੌਰ-ਲੈ ਪੁੱਤ ਮੈਂ ਕਿਹੜਾ ਜਾਣ-ਬੁੱਝ ਕੇ ਏਦਾਂ ਕੀਤਾ, ਬੱਸ ਮੇਰਾ ਹੱਥ ਵੱਜ ਗਿਆ ਤੇ ਪਾਣੀ ਰੁੜ ਗਿਆ।

ਚੱਲ ਹੁਣ ਗੁੱਸਾ ਨਾ ਕਰ ਬਹੁਤਾ। ਇਹ ਦਸ ਤੇਰੀ ਬਦਲੀ ਕਿੱਥੇ ਹੋਈ ਆ? ਤੇ ਕਦੋਂ ਜਾਣਾ ਆਪਾਂ?

ਮਲਕੀਤ-ਸੱਚ ਮੈਂ ਤੇ ਅਜੇ ਟਿਕਟਾਂ ਵੀ ਕਰਵਾਉਣ ਜਾਣਾ ਵਾ ਸਟੇਸ਼ਨ 'ਤੇ।

ਬਚਨ ਕੌਰ-ਕੋਈ ਗੱਲ ਨੀ ਪੁੱਤ ਅਜੇ ਬਹੁਤ ਸਮਾਂ ਵਾ, ਮੈਨੂੰ ਗੁਰੂ ਘਰ ਛੱਡ ਕੇ ਤੂੰ ਟਿਕਟਾਂ ਕਰਨ ਚਲਾ ਜਾਵੀਂ ਤੇ ਵਾਪਿਸ ਆਉਂਦਾ ਨਾਲ ਘਰੇ ਲੈ ਜਾਵੀਂ। ਤੂੰ ਦੱਸਿਆ ਨਹੀਂ ਤੇਰੀ ਬਦਲੀ ਕਿੱਥੇ ਹੋਈ ਆ।

ਮਲਕੀਤ-ਪਟਿਆਲੇ।

ਬਚਨ ਕੌਰ-ਠੀਕ ਆ। ਵਧੀਆ ਸ਼ਹਿਰ ਵਾ ਉਹ ਵੀ। ਪੁੱਤ ਮੇਰੀ ਇੱਕ ਗੱਲ ਮੰਨ ਤੂੰ ਬਹੂ ਨਾਲ ਲੜਿਆ ਨਾ ਕਰ। ਘਰ ਵਿਚ ਬਹੁਤਾ ਕਲੇਸ਼ ਚੰਗੀ ਗੱਲ ਨੀ ਆ। ਫਿਰ ਕੀ ਹੋਇਆ ਉਹ ਮੈਨੂੰ ਮਾੜਾ ਚੰਗਾ ਕਹਿੰਦੀ ਆ ਤਾਂ ਕਹੀ ਜਾਣਦੇ।

ਮਲਕੀਤ-ਬੀਬੀ ਜੇ ਉਹ ਤੈਨੂੰ ਕੁਝ ਕਹਿੰਦੀ ਆ ਤਾਂ ਤੂੰ ਹੀ ਚੁੱਪ ਕਰ ਜਾਇਆ ਕਰ। ਤੂੰ ਵੀ ਬਸ ਬੋਲਦੀ ਹੀ ਰਹਿੰਦੀ ਆ।

ਬਚਨ ਕੌਰ-ਲੈ ਦੱਸ ਪੁੱਤ ਜਦੋਂ ਕੋਈ ਗੱਲ ਗਲਤ ਕਹੇ ਤਾਂ ਉਸ ਨੂੰ ਮੈਂ ਨਹੀਂ ਦੱਸਾਂਗੀ ਤਾਂ ਫਿਰ ਕੌਣ ਦੱਸੇਗਾ?

ਮਲਕੀਤ-ਬੱਸ ਕਰ ਬੀਬੀ ਢੱਕੀ ਰਹਿਣ ਦੇ ਗੱਲ। ਤੇਰਾ ਘਰ ਵੀ ਇਹੀ ਹਾਲ ਤੇ ਬਾਹਰ ਵੀ। ਹੁਣ ਨਾ ਗੱਲ ਕਰ ਇਸ ਬਾਰੇ।

ਬਚਨ ਕੌਰ-ਪੁੱਤ ਮੈਂ ਤਾਂ ਓਦਾਂ ਗੱਲ ਕਰ ਰਹੀ ਆ। ਨਾਲੇ ਮੈਂ ਤਾਂ ਉਦੋਂ ਹੀ ਬੋਲਦੀ ਹਾਂ ਜਦੋਂ ਉਹ ਤੈਨੂੰ ਮਾੜਾ ਚੰਗਾ ਬੋਲਦੀ ਆ। ਬਸ ਮੇਰੇ ਤੋਂ ਜਰ ਨਹੀਂ ਹੁੰਦਾ।

ਮਲਕੀਤ-ਤੇ ਬੋਲੀ ਜਾਣ ਦਿਆ ਕਰ। ਜਦੋਂ ਉਹ ਤੈਨੂੰ ਮਾੜਾ ਬੋਲਦੀ ਆ ਤਾਂ ਮੈਂ ਵੀ ਤਾਂ ਜਰਦਾ ਹੀ ਆ, ਤੂੰ ਜਰ ਲਿਆ ਕਰ।

ਬਚਨ ਕੌਰ-ਪੁੱਤ ਮੈਂ ਮਾਂ ਵਾ ਤੇਰੀ ਏਦਾਂ ਕਿੱਦਾਂ ਜਰ ਲਿਆ ਕਰ। ਜੇ ਤੂੰ ਨੀ ਉਸ ਨੂੰ ਮੇਰੇ ਨਾਲ ਏਦਾਂ ਬੋਲਣ ਤੋਂ ਡੱਕਦਾ ਤਾਂ ਮੈਂ ਵੀ ਨਾ ਡੱਕਾ ਤੇ ਸਿਰ ਦੇ ਵਾਲਾ ਨੂੰ ਪਵੇਗੀ ਨਾਲੇ ਤੇਰੇ ਨਾਲੇ ਮੇਰੇ।

ਮਲਕੀਤ-ਤੇ ਪਈ ਜਾਣ ਦੇ। ਮੈਨੂੰ ਨੀ ਕੁਝ ਫਰਕ ਪੈਂਦਾ। ਹੁਣ ਬਸ ਚੁੱਪ ਕਰਜਾ, ਹੁਣ ਨਾ ਬੋਲੀ ਕੁਝ।

ਬਚਨ ਕੌਰ-ਚੱਲ ਠੀਕ ਆ, ਨਹੀਂ ਬੋਲਦੀ।

ਇਹਨਾਂ ਗੱਲਾਂ ਤੋਂ ਬਾਅਦ ਕੁਝ ਦੇਰ ਤੱਕ ਉਹ ਸ਼ਾਂਤ ਬੈਠੇ ਰਹੇ। ਮਲਕੀਤ ਸੜਿਆ ਹੋਇਆ ਬੈਠਾ ਰਿਹਾ ਅਤੇ ਉਸਦੀ ਬੀਬੀ ਕਦੇ ਉਸਦੇ ਮੂੰਹ ਵੱਲ ਤੱਕਦੀ ਅਤੇ ਕਦੇ ਖੇਡਦੇ ਹੋਏ ਬੱਚਿਆਂ ਵੱਲ। ਬਚਨ ਕੌਰ ਨੂੰ ਬੱਚਿਆਂ ਵੱਲ ਦੇਖ ਕੇ ਮਲਕੀਤ ਦੀਆਂ ਬਚਪਨ ਦੀਆਂ ਗੱਲਾਂ ਤੇ ਸ਼ਰਾਰਤਾਂ ਯਾਦ ਆ ਰਹੀਆਂ ਸਨ। ਫਿਰ ਉਸ ਨੇ ਇੱਕ ਗੱਲ ਯਾਦ ਕਰਦੇ ਹੋਏ ਕਿਹਾ।

ਬਚਨ ਕੌਰ-ਮਲਕੀਤ ਤੈਨੂੰ ਯਾਦ ਵਾ? ਇੱਕ ਵਾਰ ਮੈਂ ਤੇ ਤੇਰਾ ਬਾਪੂ ਤੈਨੂੰ ਨੰਗੇ ਨੂੰ ਸਤਾ ਰਹੇ ਸੀ ਤਾਂ ਤੂੰ ਇੱਕ ਰੋੜਾ ਮੇਰੇ ਮਾਰ ਦਿੱਤਾ ਸੀ ਜਿਸ ਨਾਲ ਕਿੰਨਾ ਲਹੂ ਨਿਕਲਿਆ। ਫਿਰ ਪੱਟੀ ਕਰਵਾਉਣੀ ਪਈ ਤੇ ਦੋ ਟਾਂਕੇ ਵੀ ਲੱਗੇ ਸੀ। ਉਦੋਂ ਤੂੰ ਛੇ ਕੁ ਸਾਲ ਦਾ ਹੋਣਾ ਵਾ।

ਮਲਕੀਤ-ਜਦੋਂ ਨਿਆਣੇ ਨਾਲ ਸ਼ੈਤਾਨੀਆਂ ਕਰਨੀਆਂ ਨੇ ਤਾਂ ਰੋੜੇ ਹੀ ਖਾਵੋਂਗੇ ਹੋਰ ਫੁੱਲ ਵੱਜਣੇ ਆ?

ਮਲਕੀਤ ਨੇ ਭਰੇ ਹੋਏ ਸ਼ਬਦਾਂ ਵਿਚ ਕਿਹਾ ਜਿਵੇਂ ਉਸ ਦੇ ਅੰਦਰ ਪਤਾ ਨਹੀਂ ਕਿਹੜੀ ਅੱਗ ਬਲ ਰਹੀ ਹੋਵੇ। ਬਚਨ ਕੌਰ ਮਲਕੀਤ ਦਾ ਜੁਆਬ ਸੁਣ ਕੇ ਇੱਕ ਵਾਰ ਫਿਰ ਦੁਖੀ ਹੋ ਗਈ। ਫਿਰ ਉਸ ਨੇ ਕਿਹਾ...

ਬਚਨ ਕੌਰ-ਤੈਨੂੰ ਪਤਾ ਨਹੀਂ ਕੀ ਹੋਇਆ ਵਾ ਅੱਜ, ਸਿੱਧੇ ਮੂੰਹ ਗੱਲ ਹੀ ਨਹੀਂ ਕਰ ਰਿਹਾ। ਤੂੰ ਏਦਾਂ ਕਰ ਮੈਨੂੰ ਗੁਰੂ ਘਰ ਛੱਡ ਦੇ ਤੇ ਆਪਣਾ ਕੰਮ ਕਰਕੇ ਆ ਜਾਵੀਂ।

ਮਲਕੀਤ ਬਿਨਾਂ ਕੁਝ ਬੋਲੇ ਹੀ ਉੱਠ ਕੇ ਅੱਗੇ ਹੋ ਤੁਰਿਆ ਤੇ ਬਚਨ ਕੌਰ ਵੀ ਉਸਦੇ ਮਗਰੇ ਹੀ ਤੁਰ ਪਈ। ਉਹ ਇੱਕ ਰਕਸ਼ੇ 'ਤੇ ਬੈਠੇ ਅਤੇ ਗੁਰੂ ਘਰ ਪੁੱਜ ਗਏ। ਮਲਕੀਤ ਨੇ ਆਪਣੀ ਬੀਬੀ ਨੂੰ ਓਥੇ ਹੀ ਲਾਹ ਦਿੱਤਾ ਅਤੇ ਕਿਹਾ "ਉਹ ਸਟੇਸ਼ਨ ਤੋਂ ਹੋ ਕੇ ਵਾਪਿਸ ਆਉਂਦਾ ਵਾ ਤੱਦ ਤੱਕ ਉਹ ਐਥੇ ਹੀ ਰਹੇ।" ਅਤੇ ਆਪ ਮਲਕੀਤ ਓਸੇ ਰਕਸ਼ੇ ਨੂੰ ਲੈ ਕੇ ਸਟੇਸ਼ਨ ਵੱਲ ਨੂੰ ਤੁਰ ਪਿਆ।

ਬਚਨ ਕੌਰ ਗੁਰੂ ਘਰ ਦੇ ਅੰਦਰ ਗਈ ਉਸ ਨੇ ਸਭ ਤੋਂ ਪਹਿਲਾਂ ਆਪਣੀ ਜੁੱਤੀ ਜੋੜੇ ਘਰ ਜਮਾ ਕਰਵਾਈ ਅਤੇ ਫਿਰ ਸਰੋਵਰ 'ਚੋਂ ਹੱਥ ਮੂੰਹ ਧੋ ਮੱਥਾ ਟੇਕਿਆ। ਕੁਝ ਦੇਰ ਓਥੇ ਬੈਠੀ, ਕੀਰਤਨ ਸੁਣਿਆ ਅਤੇ ਫਿਰ ਲੰਗਰ ਹਾਲ ਵਿਚ ਜਾ ਸੇਵਾ ਕੀਤੀ। ਫਿਰ ਕੁਝ ਦੇਰ ਸੇਵਾ ਕਰਨ ਪਿੱਛੋਂ ਉਸ ਨੇ ਲੰਗਰ ਛਕਿਆ ਅਤੇ ਮਲਕੀਤ ਦੇ ਆਉਣ ਦੀ ਉਡੀਕ ਕਰਨ ਲੱਗ ਪਈ। ਬਹੁਤ ਵਕਤ ਬੀਤ ਗਿਆ ਪਰ ਮਲਕੀਤ ਮੁੜ ਨਾ ਆਇਆ। ਬਚਨ ਕੌਰ ਨੇ ਫਿਰ ਲੰਗਰ ਵਿਚ ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਸੋਚਿਆ ਕਿ "ਕੋਈ ਨਾ ਕਿਤੇ ਦੇਰੀ ਹੋ ਗਈ ਹੋਣੀ ਆ, ਆ ਜਾਵੇਗਾ। ਤੱਦ ਤੱਕ ਮੈਂ ਸੇਵਾ ਕਰਦੀ ਹਾਂ।" ਪਰ ਉਸਦੀ ਉਡੀਕ ਖਤਮ ਹੋਣ 'ਤੇ ਨਾ ਆਈ ਬਾਹਰ ਹਨੇਰਾ ਹੋ ਗਿਆ ਅਤੇ ਬਚਨ ਕੌਰ ਦੀ ਫਿਕਰ ਵੱਧਦੀ ਗਈ, ਪਰ ਮਲਕੀਤ ਨਾ ਆਇਆ।

ਜਦੋਂ ਬਹੁਤ ਜਿਆਦਾ ਦੇਰ ਹੋ ਗਈ ਤਾਂ ਬਚਨ ਕੌਰ ਨੇ ਸੋਚਿਆ ਕਿ ਘਰ ਨਾ ਚਲਾ ਗਿਆ ਹੋਵੇ। ਤੇ ਉਹ ਵੀ ਘਰ ਵੱਲ ਨੂੰ ਚੱਲ ਪਈ। ਜਦੋਂ ਉਹ ਘਰ ਪੁੱਜੀ ਤਾਂ ਉਸ

ਨੇ ਦੇਖਿਆ ਕਿ ਘਰੇ ਤਾਂ ਬੂਹਾ ਬੰਦ ਸੀ। ਬਾਹਰ ਤਾਲਾ ਲੱਗਿਆ ਹੋਇਆ ਸੀ। ਉਹ ਆਸ ਪਾਸ ਦੇਖਦੀ ਰਹੀ ਪਰ ਕੋਈ ਨਾ ਨਜ਼ਰ ਆਇਆ। ਸਿਆਲ ਦੇ ਦਿਨ ਹੋਣ ਕਰਕੇ ਹਨੇਰਾ ਵੀ ਜਲਦੀ ਹੀ ਹੋ ਜਾਂਦਾ ਸੀ। ਤੇ ਸਭ ਲੋਕ ਵੇਲੇ ਨਾਲ ਹੀ ਆਪੋ-ਆਪਣੇ ਘਰੀ ਵੜ ਜਾਂਦੇ ਸਨ। ਬਚਨ ਕੌਰ ਨੂੰ ਹੈਰਾਨੀ ਹੋ ਰਹੀ ਸੀ ਕਿ ਘਰੇ ਤਾਲਾ ਕਿਉਂ ਵੱਜਿਆ ਹੋਇਆ ਹੈ? ਉਸ ਨੇ ਸੋਚਿਆ "ਕਿਤੇ ਬਾਹਰ ਘੁੰਮਣ ਨਾ ਗਏ ਹੋਣ।" ਇਸ ਲਈ ਓਥੇ ਹੀ ਬੈਠ ਗਈ। ਥੋੜੀ ਦੇਰ ਬਾਅਦ ਉਸ ਨੇ ਨਜ਼ਰ ਘੁਮਾ ਕੇ ਦੇਖੀ ਤਾਂ ਇੱਕ ਪਾਸੇ ਇੱਕ ਛੋਟੀ ਜਿਹੀ ਪੰਡ ਬੰਨੀ ਹੋਈ ਨਜ਼ਰ ਆਈ। ਉਹ ਪੰਡ ਦੇ ਕੋਲ ਗਈ ਉਸ ਨੂੰ ਖੋਲ ਕੇ ਦੇਖਿਆ ਤਾਂ ਉਸ ਵਿਚ ਉਸਦੇ ਹੀ ਕੁਝ ਲੀੜੇ ਸਨ। ਲੀੜੇ ਦੇਖ ਕੇ ਉਸ ਨੂੰ ਪਹਿਲਾਂ ਕੁਝ ਸਮਝ ਨਾ ਲੱਗੀ। ਫਿਰ ਸੋਚਿਆ ਕਿ "ਸ਼ਾਇਦ ਉਹ ਮੇਰੇ ਨਾਲ ਨਰਾਜ਼ ਹੋਣ ਕਰਕੇ ਸਟੇਸ਼ਨ ਨਾ ਚਲੇ ਗਏ ਹੋਣ? ਹੋ ਸਕਦਾ ਅੱਜ ਹੀ ਪਟਿਆਲੇ ਜਾਣਾ ਹੋਵੇ।" ਫਿਰ ਉਹ ਜਲਦੀ ਨਾਲ ਆਪਣੇ ਲੀੜਿਆਂ ਵਾਲੀ ਪੰਡ ਚੁੱਕ ਓਥੋਂ ਸਟੇਸ਼ਨ ਵੱਲ ਨੂੰ ਤੁਰ ਪਈ।

ਸਟੇਸ਼ਨ ਪੁੱਜ ਉਸ ਨੇ ਰੇਲਵੇ ਅਧਿਕਾਰੀਆਂ ਨੂੰ ਪਟਿਆਲੇ ਦੀ ਰੇਲ ਬਾਰੇ ਪੁੱਛਿਆ। ਤੇ ਉਹਨਾਂ ਤੋਂ ਪਤਾ ਲੱਗਾ ਕਿ ਰੇਲ ਨੂੰ ਤੁਰਿਆ ਤਾਂ ਕਰੀਬ ਇੱਕ ਘੰਟੇ ਤੋਂ ਉੱਪਰ ਹੋ ਗਿਆ ਹੈ। ਫਿਰ ਉਸੇ ਨੇ ਅਗਲੀ ਰੇਲ ਬਾਰੇ ਪੁੱਛਿਆ ਤਾਂ ਉਹ ਸਵੇਰੇ ਚਾਰ ਵਜੇ ਤੁਰਨੀ ਸੀ। ਬਚਨ ਕੌਰ ਨੂੰ ਕੁਝ ਸਮਝ ਨਹੀਂ ਸੀ ਆ ਰਿਹਾ ਕਿ ਇਹ ਹੋ ਕੀ ਰਿਹਾ ਹੈ। ਫਿਰ ਉਸ ਦੇ ਅਚਾਨਕ ਗੱਲ ਦਿਮਾਗ ਵਿਚ ਆਈ ਕਿ ਉਸਦਾ ਪੁੱਤ ਤਾਂ ਉਸ ਨੂੰ ਐਥੇ ਹੀ ਛੱਡ ਗਿਆ ਇਕੱਲੀ ਨੂੰ। ਉਹ ਓਥੇ ਹੀ ਖੜੀ ਕਦੇ ਆਪਣੇ ਲੀੜਿਆਂ ਦੀ ਪੰਡ ਵੱਲ ਦੇਖਦੀ ਅਤੇ ਕਦੇ ਰੇਲ ਦੀਆਂ ਪਟਰੀਆਂ ਨੂੰ।

ਇਨਸਾਨ ਜਿਸ ਨੂੰ ਹੱਦ ਤੋਂ ਪਰੇ ਪਿਆਰ ਕਰਦਾ ਹੈ ਕਈ ਵਾਰ ਓਹੀ ਉਸ ਦੀ ਕਦਰ ਨਹੀਂ ਕਰਦਾ। ਕਦੇ ਇੱਕ ਕੁੜੀ ਮੁੰਡੇ ਨੂੰ ਪਿਆਰ ਕਰਦੀ ਹੈ ਪਰ ਮੁੰਡਾ ਨਹੀਂ ਕਰਦਾ, ਕਦੇ ਮੁੰਡਾ ਕੁੜੀ ਨੂੰ ਕਰਦਾ ਹੈ ਅਤੇ ਕੁੜੀ ਨਹੀਂ ਕਰਦੀ ਇਹ ਆਮ ਗੱਲ ਹੈ।

ਹਰ ਕਿਸੇ ਦੀ ਜ਼ਿੰਦਗੀ ਵਿਚ ਇਹ ਵਕਤ ਜਰੂਰ ਆਉਂਦਾ ਹੈ। ਪਰ ਇੱਕ ਮਾਂ ਆਪਣੇ ਬੱਚੇ ਨੂੰ ਜਿੰਨਾ ਪਿਆਰ ਕਰਦੀ ਹੈ ਓਨਾ ਇੱਕ ਬੱਚਾ ਕਦੇ ਵੀ ਨਹੀਂ ਕਰ ਸਕਦਾ। ਕਹਿਣ ਦੇ ਮੁਤਾਬਿਕ ਤਾਂ ਸਭ ਕਹਿੰਦੇ ਨੇ ਕਿ ਅਸੀਂ ਆਪਣੀ ਮਾਂ ਨੂੰ ਬਹੁਤ ਪਿਆਰ ਕਰਦੇ ਹਾਂ। ਪਰ ਇਹੋ ਜਿਹੇ ਪਿਆਰ ਦਾ ਕੀ ਫਾਇਦਾ ਅਗਰ ਉਹਨਾਂ ਦੇ ਕਹਿਣੇ ਵਿਚ ਹੀ ਨਹੀਂ। ਹੋ ਸਕਦਾ ਹੈ ਕਿਤੇ ਸਾਡੀ ਮਾਂ ਵੀ ਗ਼ਲਤ ਹੋਵੇ ਕਿਉਂਕਿ ਜਮਾਨਾ ਰੋਜ਼ ਬਦਲ ਰਿਹਾ ਹੈ ਕਦੇ ਵੱਡੇ ਬੱਚਿਆਂ ਨੂੰ ਸਿਖਾਉਂਦੇ ਨੇ ਅਤੇ ਕਦੇ ਛੋਟਾ ਜਿਹਾ ਬੱਚਾ ਵੀ ਬਹੁਤ ਕੁਝ ਸਿਖਾ ਦੇਂਦਾ ਹੈ। ਜੇ ਅੱਜ ਆਪਾਂ ਆਪਣੇ ਮਾਂ ਪਿਉ ਨੂੰ ਜਮਾਨੇ ਦੇ ਨਾਲ ਲੈ ਕੇ ਨਹੀਂ ਚੱਲਾਂਗੇ ਤਾਂ ਕੱਲ੍ਹ ਨੂੰ ਸਾਡੇ ਬੱਚੇ ਵੀ ਸਾਨੂੰ ਪਿੱਛੇ ਹੀ ਸੁੱਟਣਗੇ। ਮਾਂ ਪਿਉ ਸਦਾ ਹੀ ਸਾਡੇ ਭਲੇ ਦੀ ਗੱਲ ਕਰਦੇ ਨੇ। ਕਦੇ ਬੁਰਾ ਨਹੀਂ ਸੋਚਦੇ। ਬੱਸ ਫਰਕ ਇਹ ਹੁੰਦਾ ਹੈ ਕੇ ਅਸੀਂ ਆਪਣੀ ਸੋਚ ਮੁਤਾਬਿਕ ਕੰਮ ਕਰਦੇ ਹਾਂ ਅਤੇ ਉਹ ਆਪਣੇ ਤਜੁਰਬੇ ਮੁਤਾਬਿਕ।

ਇੱਕ ਤਰਫ਼ਾ ਪਿਆਰ ਕਹਾਣੀ ਦਾ ਮਕਸਦ ਸਿਰਫ ਸਾਨੂੰ ਸਾਡੀ ਮਾਂ ਪਿਓ ਪ੍ਰਤੀ ਫ਼ਰਜ਼ਾਂ ਬਾਰੇ ਦੱਸਦੀ ਹੈ। ਮੈਂ ਇਹ ਨਹੀਂ ਕਹਿੰਦਾ ਕਿ ਸਭ ਨੂੰਹਾਂ ਮਾੜੀਆਂ ਨੇ। ਮੈਂ ਬਹੁਤ ਸਾਰੇ ਐਸੀਆਂ ਵੀ ਨੂੰਹਾਂ ਦੇਖੀਆਂ ਨੇ ਜੋ ਆਪਣੇ ਸੱਸ-ਸਹੁਰੇ ਦਾ ਸਾਥ ਪਹਿਲਾਂ ਦੇਂਦੀਆਂ ਨੇ ਅਤੇ ਫਿਰ ਆਪਣੇ ਘਰਵਾਲੇ ਦਾ। ਪਰ ਕਈ ਐਸੇ ਪੁੱਤ ਵੀ ਹੈਗੇ ਨੇ ਜੋ ਆਪਣੀ ਘਰਵਾਲੀ ਦੇ ਆਖੇ ਵਿਚ ਜਿਆਦਾ ਨੇ ਤੇ ਮਾਂ ਪਿਓ ਨੂੰ ਪਾਣੀ ਤੱਕ ਨਹੀਂ ਪੁੱਛਦੇ। ਇਹ ਕਹਾਣੀ ਇੱਕ ਮਾਂ ਦੇ ਪਿਆਰ ਨੂੰ ਬਿਆਨ ਕਰਦੀ ਹੈ ਕਿ ਉਹ ਕਿਵੇਂ ਆਪਣੇ ਪੁੱਤ ਦੀਆਂ ਗਲਤੀਆਂ ਨੂੰ ਹਰ ਵਖ਼ਤ ਮੁਆਫ ਕਰਦੀ ਹੈ ਪਰ ਪੁੱਤ ਨੂੰ ਉਸ ਦੀ ਕੋਈ ਕਦਰ ਨਹੀਂ। ਇਸ ਨੂੰ ਅਸੀਂ ਇੱਕ ਤਰਫ਼ਾ ਪਿਆਰ ਹੀ ਕਹਿ ਸਕਦੇ ਹਾਂ। ਮੈਨੂੰ ਨਹੀਂ ਲਗਦਾ ਕੇ ਇਸ ਲਫ਼ਜ਼ ਤੋਂ ਵੱਧ ਕੋਈ ਹੋਰ ਲਫ਼ਜ਼ ਬਚਨ ਕੌਰ ਦੇ ਪਿਆਰ ਨੂੰ ਬਿਆਨ ਕਰ ਸਕਦਾ ਹੈ। ਧੰਨਵਾਦ।

ਪ੍ਰੀਤ ਸਿੰਘ ਭੈਣੀ
ਐੱਮ. ਏ. ਪੰਜਾਬੀ ਦੂਜਾ ਸਮੈਸਟਰ

ਸਾਧਾਂ ਦੇ ਭੇਸ 'ਚ

ਚੋਰਾਂ ਦੇ ਰੂਪ 'ਚ ਬੈਠੇ ਕਈਂ ਸਾਧ ਨੇ,

ਨਿਤ ਕਰਨ ਧੋਖਾ ਧੜੀ,

ਹੋਣ ਜਾਨਾਂ ਕੁਰਬਾਨ ਨੇ,

ਭੁੱਖੇ ਨੂੰ ਭੁੱਖਾ,

ਨੀਵੇਂ ਨੂੰ ਨੀਵਾਂ,

ਇੱਥੇ ਦਰਸਾਉਂਦੇ ਨੇ,

ਪੈਸੇ ਵਾਲੇ ਕੋਠੀ ਕਾਰਾਂ ਬਣਾਉਂਦੇ ਨੇ,

ਕਰ-ਕਰ ਪਾਪ ਤਾਂ ਵੀ ਬਾਬੇ ਕਹਿਲਾਉਂਦੇ ਨੇ,

ਸਾਧਾਂ ਦੇ ਰੂਪ 'ਚ ਚੋਰ ਕੌਮਾਂ ਚਲਾਉਂਦੇ ਨੇ।

ਵੰਡਿਆਂ ਏ ਲੋਕਾਂ ਨੂੰ ਜਾਤਾਂ ਪਾਤਾਂ ਦੇ ਅਧਾਰ ਤੇ,

ਏਕਤਾ ਦੀ ਗੱਲ ਕਰਦੇ ਵੱਡੇ ਲਾਹਣੇਦਾਰ ਨੇ,

ਸੋਹਣੇ ਪੰਜਾਬ ਨੂੰ ਨਸ਼ਿਆਂ 'ਚ ਡੋਲਤਾ,

ਨਾਨਕ ਦੀਆਂ ਦਾਤਾਂ ਨੂੰ ਕਿਤਾਬਾਂ 'ਚ ਰੋਲਤਾ,

ਕੀ ਜਾਣਾ ਸਰਕਾਰਾਂ ਦਾ ਮਿਲ ਕੇ ਹੀ ਖਾਂਦੇ ਨੇ,

ਜਿੱਤਣ ਚਾਹੇ ਹਾਰਣ ਪੈਸੇ ਖ਼ੂਬ ਕਮਾਉਂਦੇ ਨੇ,

ਵਡੀਆਂ ਲੈ ਕੇ ਨੌਕਰੀਆਂ ਦਿਵਾਉਂਦੇ ਨੇ,

ਸਾਧਾਂ ਦੇ ਭੇਸ 'ਚ ਚੋਰ ਕੌਮਾਂ ਚਲਾਉਂਦੇ ਨੇ।

ਤੁਰ ਪਏ ਪੱਛਮ ਵਲ ਨੌਜਵਾਨ ਨੇ,

ਕਨੇਡਾ ਨੂੰ ਕਹਿੰਦੇ 'ਮਿੰਨੀ ਪੰਜਾਬ' ਨੇ,

ਨਸ਼ਿਆਂ 'ਚ ਰੁੜ ਗਏ ਇਨਸਾਨ ਨੇ,

ਕਹਿਣਾ ਤਾਂ ਨਹੀਂ ਸੀ ਪਰ ਰਣਜੀਤ ਮਜ਼ਬੂਰ ਏ,

ਆਉਣ ਵਾਲਾ ਭਵਿੱਖ ਹੁਣ ਉਜਾੜ ਦੇ ਕਰੀਬ ਏ,

ਆਉਣ ਵਾਲਾ ਭਵਿੱਖ ਹੁਣ ਉਜਾੜ ਦੇ ਕਰੀਬ ਏ।



ਰਣਜੀਤ ਕੌਰ

ਐੱਮ. ਏ. ਚੌਥਾ ਸਮੈਸਟਰ

ਮੇਰੀ ਪ੍ਰੀਤੀ ਦਾ ਸਿਰਨਾਵਾਂ ਕਾਤਲ

ਉਹਦਾ ਮਾਸੂਮ ਚਿਹਰਾ, ਤੇ ਅਦਾਵਾਂ ਕਾਤਲ,

ਸਾਨੂੰ ਲੱਗਣ ਸਾਡੀਆਂ, ਚਾਵਾਂ ਕਾਤਲ।

ਨਾਜ਼ੁਕ ਜਿਹੇ ਅੰਗ, ਉੱਤੋਂ ਹੁਸਨ ਡਾਢਾ,

ਮੇਰੀ ਪ੍ਰੀਤੀ ਦਾ, ਸਿਰਨਾਵਾਂ ਕਾਤਲ।

ਇੱਕ ਨੱਕ 'ਚ ਪਾਈ, ਨੱਥੜੀ ਸੋਹਣੀ,

ਦੂਜੀ ਮੱਥੇ ਛੱਡੀ ਲੱਟ ਦਾ, ਛਲਾਵਾ ਕਾਤਲ।

ਇੱਕ ਮੁਸਕਾਨ, ਬੇ-ਸ਼ੁਮਾਰ ਦੌਲਤਾਂ ਜਿਹੀ,

ਨਾਲ਼ੇ ਸੱਜਣਾ ਦਾ, ਮੁਅੱਜ਼ਜ਼ੀ ਕਲਾਵਾ ਕਾਤਲ।

ਜਿਹੜੀ ਪਹਿਨੀ ਸੀ ਕਮੀਜ਼, ਉਹਨੇ ਲਾਲ ਸੋਹਣੀ,

ਰਸੀਨ ਲੱਗੇ ਉਹਦਾ, ਮਿੱਤਰੋ ਪਹਿਰਾਵਾ ਕਾਤਲ।

ਉਹਦੀ ਸਾਦਗੀ ਦਾ, ਉਹਦੀ ਖ਼ਾਮੋਸ਼ੀ ਦਾ,

ਉਹਦੀ ਤੱਕਣੀ ਦਾ, ਅੰਦਾਜ਼ ਹੈ ਵਾਹਵਾ ਕਾਤਲ।

ਉਹਦੀਆਂ ਤੋਰਾਂ ਤੋਂ, ਸਿੱਖਦੇ ਨੇ ਮੋਰ ਤੁਰਨਾ,

ਉਹਦੇ ਪਾਕ ਪੈਰਾਂ ਦਾ, ਹੈ ਚਲਾਵਾ ਕਾਤਲ।

ਉਹਦੇ ਹੁਕਮਾਂ 'ਤੇ ਨੱਚੇ, ਕਾਯਨਾਤ ਸਾਰੀ,

ਇਹ ਸੱਜਣਾ ਦਾ, ਮਨ ਪਰਚਾਵਾ ਕਾਤਲ।

ਉਹਦੀ ਦਿੱਖ ਸੋਹਣੀ, ਉਹਦੀ ਚਾਲ ਸੋਹਣੀ,

ਨਾਲ਼ੇ ਸੋਹਣਿਆਂ ਦਾ, ਪਰਛਾਵਾਂ ਕਾਤਲ।

ਉਹਦੇ ਦਰਾਂ ਨੂੰ, ਉਹਦੇ ਸ਼ਹਿਰਾਂ ਨੂੰ,

ਜਾਣ ਜਿਹੜੀਆਂ ਓਧਰ, ਓ ਰਾਹਵਾਂ ਕਾਤਲ।

ਸਾਹਿਬਜੀਤ ਸਿੰਘ
ਬੀ. ਏ. ਦੂਜਾ ਸਾਲ

ਉਹਦੇ ਸ਼ਹਿਰੋਂ ਜੋ, ਉੱਠਦੀਆਂ ਨੇ ਲੋਰ ਲੈ ਕੇ,

ਲੱਗਣ 'ਸਾਹਿਬ ਸ਼ਾਯਰਾ', ਇਹ ਹਵਾਵਾਂ ਕਾਤਲ।

ਭਗਤ ਸਿੰਘ

ਐਸੀ ਮਹਾਨ ਸਖਸ਼ੀਅਤ,

ਜੋ ਦੇਸ਼ ਦੀ ਅਜ਼ਾਦੀ ਲਈ,

ਆਪਣੀ ਜਵਾਨੀ ਕੁਰਬਾਨ ਕਰ ਗਿਆ,

ਦੇਸ਼ ਨੂੰ ਆਜ਼ਾਦ ਕਰਵਾਉਣ ਲਈ,

ਉਹ ਜੇਲ੍ਹਾਂ 'ਚ ਰਾਤਾਂ ਕੱਟ ਗਿਆ,

ਅੱਜ ਦੀ ਜਵਾਨੀ ਨੂੰ ਹੱਸਦੇ ਵੇਖਣ ਲਈ,

ਉਹ ਆਪ ਹੱਸਦਾ ਫਾਂਸੀ ਦੇ ਫੰਦੇ 'ਤੇ ਚੜ੍ਹ ਗਿਆ,

ਪਰ ਕੀ ਅੱਜ ਸਾਨੂੰ ਉਸਦੀ ਕੁਰਬਾਨੀ ਯਾਦ ਆ?

ਉਸਦੇ ਦੱਸੇ ਰਾਹ 'ਤੇ ਚੱਲਦੇ ਆ?

ਅੱਜ ਦੀ ਜਵਾਨੀ ਤਾਂ,

ਉਸਦੀ ਸੋਚ ਦੇ ਉਲਟ ਚੱਲ ਪਈ ਆ,

ਕੁੱਝ ਨਸ਼ਿਆਂ 'ਚ, ਤੇ ਕੁੱਝ ਕਨੇਡਾ ਦੇ,

ਚੱਕਰਾਂ 'ਚ ਪੈ ਗਈ ਆ,

ਅੱਜ ਅਸੀਂ ਜਨਮ ਦਿਨ ਸ਼ਹੀਦੀ ਦਿਨ ਜ਼ਰੂਰ ਮਨਾ ਲੈਂਦੇ ਆ,

ਦੇ ਚਾਰ ਫ਼ੋਟੋਆਂ ਖਿੱਚ ਸਟੋਰੀਆਂ ਵੀ ਪਾ ਲੈਂਦੇ ਆ,

ਪਰ ਉਸਦੇ ਦੱਸੇ ਰਾਹ 'ਤੇ ਚਲਣਾ ਫਿਰ ਭੁੱਲ ਜਾਂਦੇ ਆ,

ਅੱਜ ਸਾਡੇ ਰੋਲ ਮਾਡਲ ਭਗਤ ਸਿੰਘ ਵਰਗੇ ਹੋਣੇ ਚਾਹੀਦੇ ਸੀ,

ਪਰ ਦੁੱਖ ਹੁੰਦਾ ਅੱਜ ਦੀ ਜਵਾਨੀ ਨੂੰ ਦੇਖ,

ਜਿਹੜੀ ਲੱਚਰ ਗਾਇਕੀ ਕਰਨ ਵਾਲੇ ਕਲਾਕਾਰਾਂ ਨੂੰ,

ਆਪਣੇ ਉਸਤਾਦ ਕਹਿੰਦੀ ਏ।

ਜਿਸਨੂੰ ਅੱਜ ਆਪਣੇ ਹੱਕਾਂ ਲਈ,

ਲੜਨਾ ਆਉਣਾ ਚਾਹੀਦਾ ਸੀ,

ਉਹ ਇਹ ਨਕਲੀ ਉਸਤਾਦਾਂ ਲਈ ਲੜ ਕੇ ਮਰਦੀ ਏ,

ਲੋੜ ਆ ਅੱਜ ਦੀ ਜਵਾਨੀ ਨੂੰ ਸੰਭਾਲਣ ਦੀ,

ਫਿਰ ਤੋਂ ਭਗਤ ਸਿੰਘ ਵਰਗੇ,

ਨਿਡਰ ਤੇ ਸਮਝਦਾਰ ਸੂਰਮੇ ਪੈਦਾ ਕਰਨ ਦੀ।

ਪਵਨਦੀਪ ਕੌਰ
ਐੱਮ. ਏ. ਚੌਥਾ ਸਮੈਸਟਰ

ਦਿਲ ਦੀ ਰਾਹਦਾਰੀ

ਦਿਲ ਦੀ ਰਾਹਦਾਰੀ ਦਾ ਮਿੱਤਰਾ ਦੇਦੇ ਇੱਕ ਇਸ਼ਾਰਾ,

ਕਦੋਂ ਦਾ ਕਰਦਾ ਉਡੀਕ ਪਿਆ ਏ ਮੇਰਾ ਦਿਲ ਵਿਚਾਰਾ,

ਮੇਰੇ ਚਲਦੇ ਠੰਡੇ ਸਾਹਾਂ ਨੂੰ ਦੇਦੇ ਇੱਕ ਹੁਲਾਰਾ,

ਰੂਹ ਮੁਤਾਬਕ ਦਿਲ ਵੀ ਚੱਲ ਪਏ ਐਸਾ ਦੇ ਸਹਾਰਾ,

ਦੋਵੇਂ ਜਾਣੇ ਹੱਸੀਏ ਨੱਚੀਏ ਐਸੀ ਚਾਲ ਬਣਾਦੇ,

ਮੇਰੇ ਅੰਦਰੋਂ ਮੈਂ ਮੈਂ ਵਾਲੀ ਸਾਰੀ ਮੈਲ਼ ਗਵਾਦੇ,

ਉਮਰ ਦੇ ਫੁੱਲ ਮੁਰਝਾਏ ਹੋਏ ਨੇ ਮੁੜ ਕੇ ਫੇਰ ਖਿਲਾਦੇ,

ਜਿਹੜੇ ਟੁੱਟੇ ਪੱਤੇ ਸਾਥੋਂ ਕਿਧਰੇ ਆਣ ਮਿਲਾਦੇ,

ਸੁਖ ਉਮੜ ਕੇ ਆਵਣ ਲੱਖਾਂ ਤ੍ਰਿਪਤੇ ਕੁਦਰਤ ਕਾਦਰ,

ਤ੍ਰਿਸ਼ਨਾ ਮੁਕਜੇ ਰਾਜੀ ਹੋ ਜਾਂ ਲਾਹ ਹਉਮੈ ਦੀ ਚਾਦਰ,

ਸਾਰੇ ਪਾਸੇ ਇਕੋ ਰੌਲਾ ਆਹ ਤੇਰਾ ਆ ਮੇਰਾ,

ਪਰ ਨਾ ਜਾਣਾ ਕੁਝ ਪਲਾਂ ਦਾ ਇੱਥੇ ਮੇਰਾ ਫੇਰਾ

ਆ ਯਾਰਾ ਫਿਰ ਗਲੇ ਆ ਮਿਲਜਾ ਭੁੱਲਜਾ ਸਾਰੇ ਨਾਤੇ,

ਇੱਕ ਮਿਕ ਹੋ ਕੇ ਮੁੱਕਣ ਸਾਰੇ ਇਹ ਜਿੰਦੜੀ ਦੇ ਖਾਤੇ।

ਸ਼ਹਿਬਾਜਦੀਪ ਸਿੰਘ ਗੁਲਸ਼ਨ
ਐੱਮ. ਏ. ਪੰਜਾਬੀ. ਦੂਜਾ ਸਮੈਸਟਰ

ਗ਼ੈਰਤ

ਸੁਨਹਿਰੇ ਅੱਖਰਾਂ ‘ਚ ਲਿਖਿਆਂ ਇਤਿਹਾਸ ਸਾਡਾ,

ਰਹੀ ਯਾਰੀ ਨੇਜ਼ੇ-ਸ਼ਮਸ਼ੀਰਾਂ ਨਾ,

ਕਿੰਝ ਬੰਦੇ ਨੇ ਸੀ ਫ਼ਤਿਹ ਸਰਹਿੰਦ ਕੀਤਾ,

ਬਾਜਾਂ ਵਾਲੇ ਦੇ ਦਿੱਤੇ ਪੰਜ ਤੀਰਾਂ ਨਾ,

ਮੁੱਲ ਪਏ ਸਿਰਾਂ ਦੇ ਅਸੀਂ ਮੁੱਕੇ ਨਹੀਂ,

ਰਹੇ ਵੈਰ ਔਰੰਗੇ-ਜਹਾਂਗੀਰਾਂ ਨਾ,

ਲੱਖਾਂ ਹੱਲੇ ਹੰਢਾਏ ਅਸੀਂ ਪਿੰਡਿਆਂ 'ਤੇ,

ਸਾਡੇ ਰਹੇ ਰਾਬਤੇ ਪੀੜਾਂ ਨਾ,

ਪੱਗ ਮਿਲੀ ਸਿਰਾਂ ਦੇ ਭਾ ਸਾਨੂੰ,

ਮੇਲ ਤਾਜ ਦਾ ਨਹੀਂ ਕੋਈ ਲੀਰਾਂ ਨਾ,

ਸੁਣਿਆ ਦਿੱਲੀ ਬੈਠੇ ਕਿਸੇ ਹਾਕਮ ਨੇ,

ਮੱਥਾ ਫਿਰ ਲਾਇਆ ਪੰਜ ਨੀਰਾਂ ਨਾ,

ਰੌਲੇ ਕਹਿੰਦੇ ਕਹਾਉਂਦੇ ਅਸੀਂ ਤਖ਼ਤਾਂ ਆਲੇ,

ਕਿਤੇ ਕਲ੍ਹਮਾਂ ਨਾ ਕਿਤੇ ਸ਼ਮਸ਼ੀਰਾਂ ਨਾ,

ਸਾਡੇ "ਜ਼ਫ਼ਰਨਾਮੇ" ਦੀ ਮਾਰ ਨਾ ਝੱਲ ਸਕਿਆ,

ਜਿਹੜਾ ਮਰਦਾ ਨਹੀਂ ਸੀ ਕਹਿੰਦੇ ਤੋਪਾਂ-ਤੀਰਾਂ ਨਾ,

ਪੜ੍ਹ ਗ਼ੈਰਤ ਆਲੇ ਕੈਤੇ ਹਾਂ ਜਵਾਨ ਹੋਏ,

ਇਜਾਜ਼ਤ ਝੁਕਣ ਦੀ ਦੇਣ ਜ਼ਮੀਰਾਂ ਨਾ,

ਇਜਾਜ਼ਤ ਝੁਕਣ ਦੀ ਦੇਣ ਜ਼ਮੀਰਾਂ ਨਾ।

ਅਨਮੋਲਦੀਪ ਸਿੰਘ ਧਾਲੀਵਾਲ
ਬੀ. ਐੱਸ. ਸੀ. ਆਈ. ਟੀ.
ਛੇਵਾਂ ਸਮੈਸਟਰ

ਲੈ ਕੇ ਬਹਿ ਗਿਆ

ਵਿਚ ਰਾਹ ਲੈ ਕੇ ਬਹਿ ਗਿਆ,

ਮੈਂ ਚਾਅ ਲੈ ਕੇ ਬਹਿ ਗਿਆ,

ਜਿਸ ਥਾਂ ਤੂੰ ਮੈਨੂੰ ਮਿਲੀ ਸੀ,

ਮੈਂ ਉਸ ਥਾਂ ਲੈ ਕੇ ਬਹਿ ਗਿਆ,

ਰਿੜਦਾ ਰਿੜਦਾ ਕਾਗਜ਼ ਫੜਿਆ,

ਤੇ ਉੱਡਦਾ ਖਿਆਲ ਲੈ ਕੇ ਬਹਿ ਗਿਆ,

ਕਲਮ ਮੇਰੇ ਬੋਝੇ 'ਚ ਸੀ,

ਤੇ ਮੈਂ ਤੇਰਾ ਨਾਮ ਲੈ ਕੇ ਬਹਿ ਗਿਆ,

ਜਦ ਅੱਖਾਂ ਹੋਈਆਂ ਨਮ,

ਮੈਂ ਖਿਆਲਾਂ ਦੇ ਬੰਦ ਦੁਆਰ ਕਰਕੇ ਬਹਿ ਗਿਆ,

ਉੱਠਣ ਲੱਗਾ ਤਾਂ ਆਸ ਡਿੱਗ ਗਈ,

ਮੈਂ ਡਿੱਗੀ ਹੋਈ ਆਸ ਨੂੰ ਨਾਲ ਲੈ ਕੇ ਬਹਿ ਗਿਆ,

ਮੈਂ ਕਿਉਂ ਇੱਥੋਂ ਅੱਗੇ ਵੱਧ ਨਹੀਂ ਪਾਉਂਦਾ,

ਓਸੇ ਥਾਂ 'ਤੇ ਮੈਂ ਓਹ ਸਵਾਲ ਲੈ ਕੇ ਬਹਿ ਗਿਆ।

ਅਰਮਾਨਦੀਪ ਸਿੰਘ

ਬੀ. ਸੀ. ਏ. ਪਹਿਲਾ ਸਾਲ

ਸੁਣ ਦਿਲਾ

ਸੁਣ ਦਿਲਾ..

ਕਾਹਨੂੰ ਇਸ਼ਕੇ ਵਿਚ ਪੈਨਾ ਏ,

ਕਾਹਨੂੰ ਦੁੱਖ ਤੂੰ ਸਹਿਨਾ ਏ,

ਸੁਣਦਾ ਨਹੀਂ ਏ ਗੱਲ ਕਿਸੇ ਦੀ,

ਫਿਰ ਆਪੇ ਚੁੱਪ ਚੁੱਪ ਰਹਿਨਾ ਏ,

ਪ੍ਰਵਾਹ ਨਾ ਕਰਿਆ ਕਰ ਤੂੰ ਓਸ ਦੀ,

ਏਵੇਂ ਮੁਫ਼ਤ ਦੀਆਂ ਫਿਕਰਾਂ ਲੈਨਾ ਏ,

ਚੱਲ ਫਿਰ ਕੀ ਹੋਇਆ,

ਜੇਕਰ ਤੇਰੇ ਲਈ ਓਹ ਖ਼ਾਸ ਬੜਾ,

ਸੋਚ ਹਰ ਪਲ ਤੈਨੂੰ ਰਵਾਉਂਦਾ ਏ,

ਪੈਰ ਪੈਰ 'ਤੇ ਬਦਲ ਉਹ ਜਾਂਦਾ ਏ,

ਤੂੰ ਤਾਂ ਐਵੇਂ ਹੀ ਉਸ ਦੇ ਅੱਗੇ ਪਿੱਛੇ ਰੈਨਾ ਏ,

ਝੱਲਾ ਕਾਹਨੂੰ ਬਣਦਾ ਏ,

ਕਾਹਨੂੰ ਇਸ਼ਕੇ ਵਿਚ ਪੈਨਾ ਏ।

ਰੀਆ ਸ਼ਰਮਾ
ਬੀ. ਪੀ. ਟੀ. ਪਹਿਲਾ ਸਾਲ

ਗੁਰਮਤਿ ਗ੍ਰਿਸਤ

ਵਿਆਹ ਹੋਣਾ ਜਦ ਤੇਰਾ ਮੇਰਾ ਸੋਹਣਿਆ ਵੇ,

ਤੂੰ ਪੜ੍ਹੀ ਬਾਣੀ ਮੈਂ ਹੋਊ ਸੇਵਕ ਦਾਸ ਤੋਹੀ।

ਤੁਸੀਂ ਕਰਦੇ ਹੋਵੋਗੇ ਚਉਰ ਸੋਹਣਾ,

ਮੈਂ ਲਊਂ ਹੁਕਮਨਾਮਾ ਨਾਲ ਪਿਆਰ ਮੋਹੀ।

ਤੁਸੀਂ ਜਦ ਗਾਉਂਦੇ ਹੋਵੋਗੇ ਆਸਾ ਆਰਤੀ ਤੇ,

ਮੈਂ ਧੁਨ ਬਣ ਜਾਊ ਮਧੁਰ ਸ਼ਿੰਗਾਰ ਸੋਹੀ।

ਤੁਸੀਂ ਜਦ ਕਰਦੇ ਹੋਵੋਗੇ ਜੋਦੜੀ ਮਹਾਰਾਜ ਅੱਗੇ,

ਮੈਂ ਪਿੱਛੇ ਵਾਹਿਗੁਰੂ ਬੋਲੂ ਬੇਅੰਤ ਸਤਿਕਾਰ ਤੋਹੀ।

ਆਪਾਂ ਜੱਸ ਰੱਬ ਦਾ ਗਾਉਂਦੇ ਜਦ ਦੋਵੇਂ ਹੋਈਏ,

ਰੱਬ ਖੁਸ਼ ਹੋਊ ਵੇਖ ਵਿਚ ਪਿਆਰ ਮੋਹੀ।

ਫਿਰ ਜਦ ਕਰਦੇ ਹੋਵੋਗੇ ਮਹਾਰਾਜ ਦਾ ਸੁਖਾਸਨ,

ਮੈਂ ਹਿਲਾਊ ਚਉਰ ਵਾਂਗ ਸੇਵਕ ਦਾਸ ਸੋਹੀ।

ਜਦ ਅਖੀਰ ਬੇਨਤੀ ਕਰੋਗੇ ਸੰਪੂਰਨ ਪਾਠ ਦੀ ਤੇ,

ਮੈਂ ਮੱਥਾ ਟੇਕੂ ਦੋਹਾਂ ਨੂੰ ਨਾਲ ਸਤਿਕਾਰ ਤੋਹੀ।

ਦੇਵੇਂ ਖ਼ਸਮ ਮੈਨੂੰ ਬਖਸ਼ ਗਲ ਲਾ ਲਿਓ ਜੇ,

"ਬਲਜਿੰਦਰ" ਭੁੱਲਾਂ ਕਰਦੀ ਏ ਬੇਅੰਤ ਅਪਾਰ ਕੋਹੀ।

ਬਲਜਿੰਦਰ ਕੌਰ
ਗੁਰਮਤਿ ਟੀਚਰ ਟ੍ਰੇਨਿੰਗ
ਪਹਿਲਾ ਸਾਲ

ਕਾਲਜ ਦਾ ਪਹਿਲਾ ਦਿਨ

ਪਹਿਲਾ ਦਿਨ ਕਾਲਜ ਵਿਚ ਉਡਾਰੀਆਂ ਵਰਗਾ ਲੱਗਦਾ ਆ,

ਸੁਫ਼ਨੇ ਵਾਲਾ ਕਾਲਜ ਹੁਣ ਅੱਖਾਂ ਸਾਹਮਣੇ ਵਿਖਦਾ ਆ,

ਕੋਵਿਡ ਦੀ ਮਹਾਮਾਰੀ ਤੋਂ ਹੁਣ ਅਸੀਂ ਪੱਲਾ ਛੁਡਾਇਆ ਆ,

ਲਾਕਡਾਊਨ ਦੀ ਤੰਗੀ ਤੋਂ ਹੁਣ ਸੌਖਾ ਸਾਹ ਆਇਆ ਆ,

ਬਾਬਾ ਜੀ ਦੀ ਮਹਿਰ ਨਾਲ ਗੂਗਲ ਮੀਟ ਨੇ ਖਹਿੜਾ ਛੱਡਿਆ ਆ,

ਭਾਗਾਂ ਵਾਲੇ ਅਸੀਂ ਹੋਏ ਕਿ ਹੁਣ ਟੀਚਰ ਦਾ ਚਿਹਰਾ ਵਿਖਿਆ ਆ,

ਕਾਲਜ ਦਾ ਕੈਂਪਸ ਇੱਕ ਨਵੀਂ ਦੁਨੀਆ ਵਰਗਾ ਲੱਗਦਾ ਆ,

ਹਰਿਆ ਭਰਿਆ ਗਾਰਡਨ ਇੱਕ ਪੈਰਾਡਾਇਜ ਵਰਗਾ ਸਜਦਾ ਆ,

ਕਾਲਜ ਵਿਚ ਚਾਰੇ ਪਾਸੇ ਖਿੜਦੇ ਚਿਹਰੇ ਵਿਖਦੇ ਆ,

ਮੁੰਡਿਆਂ ਦੇ ਹੱਥਾਂ ਵਿਚ ਐੱਪਲ ਫ਼ੋਨ ਫੱਬਦੇ ਆ,

ਵੈਸਟਰਨ ਕਲਚਰ ਦਾ ਅਸਰ ਸਾਰਿਆਂ ਉੱਤੇ ਵਿਖਦਾ ਆ,

ਟੌਮੀ ਦੀਆਂ ਜੀਨਾਂ ਵਿਚ ਮੁੰਡਾ ਮੌਡਲ ਵਰਗਾ ਲੱਗਦਾ ਆ,

ਕਈ ਮੁੰਡੇ ਬੁੱਲਟ ਉੱਤੇ 'ਤੇ ਕਈ ਪਲਸਰ ਉੱਤੇ ਆਉਂਦੇ ਆ,

ਅਸੀਂ ਤਾਂ ਆਪਣੀ ਪੀਲੀ ਬੱਸ ਵਿਚ ਖਾਲੀ ਸੀਟ ਲੱਭਦੇ ਆ,

ਐਸ. ਸੀ. ਐਸ. ਟੀ. ਕੈਟੀਗਰੀ ਦੀਆਂ ਫੀਸਾਂ ਮਾਫ ਹੁੰਦੀਆਂ ਆ,

ਸਿਸਟਮ ਦੀ ਮਾਰ ਹੇਠਾਂ ਜਰਨਲ ਵਾਲਾ ਮਰਦਾ ਆ,

ਸਾਡੀ ਜ਼ਿੰਦਗੀ ਦੇ ਲਈ ਬਾਪੂ ਨੇ ਖੂਨ ਪਸੀਨਾ ਵੀ ਇੱਕ ਕਰਿਆ ਆ,

ਕਾਲਜ ਦੀਆਂ ਫ਼ੀਸਾਂ ਕਰਕੇ ਬਾਪੂ ਕਰਜੇ ਹੇਠਾਂ ਦੱਬਿਆ ਆ,

ਇਹਨਾਂ ਔਖਾ ਪੜ੍ਹਿਆ ਵੀ ਇੱਕੋ ਡਰ ਸਤਾਉਂਦਾ ਆ,

ਲੱਖਾਂ ਦੀ ਗਿਣਤੀ ਵਿਚ ਹਜ਼ਾਰਾਂ ਵਿਚੋਂ ਕਿਵੇਂ ਆਉਣਾ ਆ,

ਅੱਖਾਂ ਵਿਚ ਬੱਸ ਇੱਕੋ ਉਮੀਦ ਜਗਦੀ ਆ,

ਕਾਮਯਾਬੀ ਦਾ ਗੀਤ ਅਸੀਂ ਕਦੋਂ ਖੁਸ਼ੀਆ ਨਾਲ ਗਾਉਣਾ ਆ?

ਅਰਚਿਤ ਪਾਂਡੇ
ਬੀ. ਏ. ਛੇਵਾਂ ਸਮੈਸਟਰ

ਜ਼ਿੰਦਗੀ (ਕਹਾਣੀ)

"ਇੱਕ ਪੈੱਗ ਹੋਰ ਪਾ"

"ਓ ਬਸ ਕਰ ਭਰਾਵਾ, ਕਿੰਨੀ ਕੁ ਹੋਰ ਪੀਣੀ ਏ, ਪਹਿਲਾਂ ਹੀ ਢਾਈ ਬੋਤਲਾਂ ਤੂੰ ਕੱਲੇ ਨੇ ਖਤਮ ਕਰੀਆਂ ਨੇ।" ਸੰਦੀਪ ਮੋਹਿਤ ਨੂੰ ਰੋਕਦਾ ਹੋਇਆ ਬੋਲਿਆ..

"ਲੈ ਦੱਸ, ਓ ਅੱਜ ਹੀ ਤਾਂ ਪੀਣ ਦਾ ਦਿਨ ਆ ਯਾਰ। ਏਨੇ ਚਿਰਾਂ ਪਿੱਛੋਂ ਤਾਂ ਮੋਹਿਤ ਵੀਰ ਦੇ ਘਰ ਮੁੰਡਾ ਹੋਇਆ।"

ਰਾਹੁਲ ਪੈੱਗ ਬਣਾਉਂਦਾ ਹੋਇਆ ਬੋਲਿਆ..

"ਹਾਂ ਯਾਰ ਅੱਜ ਨਾ ਮੈਨੂੰ ਰੋਕੋ, ਅੱਜ ਤਾਂ ਮੈਂ ਪੂਰਾ ਡਰੰਮ ਪੀ ਸਕਦਾ।"

ਮੋਹਿਤ ਨਾਲ ਹੀ ਪੈੱਗ ਲਾਉਂਦਾ ਬੋਲਿਆ..

"ਓ ਭਰਾਵਾ ਮੁੰਡੇ ਜੰਮਣ ਦੇ ਚਾਅ ਵਿਚ ਕਿਤੇ ਤੇਰਾ ਭੋਗ ਨਾ ਪੈਜੇ।" ਸੰਦੀਪ ਬੋਲਿਆ..

“ਹਾਹਾਹਾਹਾਹਾਹਾਹਹਾਹਾ..”

ਜਿਉਂ ਹੀ ਸੰਦੀਪ ਨੇ ਇਹ ਗੱਲ ਆਖੀ ਕੋਲ ਬੈਠੇ ਹੋਰ ਯਾਰ ਵੀ ਹੱਸਣ ਲੱਗ ਪਏ। ਦਰਅਸਲ ਮੋਹਿਤ ਦੇ ਘਰ ਕਰੀਬ ਨੌ ਸਾਲ ਬਾਅਦ ਮੁੰਡੇ ਨੇ ਜਨਮ ਲਿਆ ਸੀ। ਪਹਿਲਾਂ ਉਸਦੇ ਘਰ ਦੋ ਬੇਟੀਆਂ ਸਨ। ਇੱਕ ਸੱਤ ਸਾਲ ਦੀ ਤੇ ਦੂਸਰੀ ਸਾਢੇ ਕੁ ਪੰਜ ਸਾਲ ਦੀ। ਬੜੇ ਹੀ ਚਿਰਾਂ ਤੋਂ ਮੋਹਿਤ ਅਤੇ ਉਸਦਾ ਪਰਿਵਾਰ ਰੱਬ ਅੱਗੇ ਹੱਥ ਪੱਲਾ ਜੋੜਦੇ ਸਨ ਕਿ ਮੋਹਿਤ ਦੀ ਝੋਲੀ ਇੱਕ ਪੁੱਤਰ ਦੀ ਦਾਤ ਪੈ ਜਾਏ। ਤਾਂ ਜੋ ਪੀੜੀ ਚੱਲਦੀ ਰਹੇ। ਪਰ ਬੜੇ ਲੰਮੇ ਅਰਸੇ ਬਾਅਦ ਇਹ ਦੁਆ ਰੱਬ ਦੇ ਘਰ ਕਬੂਲ ਹੋਈ ਸੀ।

ਜਿਸ ਵਜ੍ਹਾ ਕਾਰਨ ਮੋਹਿਤ ਮੁੰਡੇ ਜੰਮਣ ਦੇ ਚਾਅ ਵਿਚ ਸ਼ਰਾਬ ਹੀ ਪੀਈ ਜਾ ਰਿਹਾ ਸੀ। ਘਰ ਦੇ ਡਰਾਇੰਗ ਹਾਲ ਵਿਚ ਮੋਹਿਤ ਅਤੇ ਉਸਦੇ ਯਾਰ ਸੰਦੀਪ, ਰਾਹੁਲ ਅਤੇ ਜੋਸ਼ੀ ਸਨ। ਸੰਦੀਪ ਨਹੀਂ ਸੀ ਪੀਂਦਾ ਅਤੇ ਜੋਸ਼ੀ ਤੇ ਰਾਹੁਲ ਮੋਹਿਤ ਨਾਲ ਸਾਂਵਾ ਪੈੱਗ ਖੜਕਾ ਰਹੇ ਸਨ। ਇਹ ਸਭ ਕਾਰਜ ਅਸਟ੍ਰੇਲੀਆ ਦੇ ਮੈਲਬੋਰਨ ਸ਼ਹਿਰ ਵਿਚ ਹੋ ਰਹੇ ਸੀ। ਮੋਹਿਤ ਨੂੰ ਇੱਥੇ ਰਹਿੰਦਿਆਂ ਕਰੀਬ ਪੰਦਰਾਂ ਸਾਲ ਹੋ ਚੁਕੇ ਸਨ। ਆਪਣੀ ਘਰਵਾਲੀ, ਮਾਂ ਅਤੇ ਕੁੜੀਆਂ ਦੇ ਨਾਲ ਉਹ ਇੱਥੇ ਰਹਿੰਦਾ ਸੀ।

ਮੋਹਿਤ ਇੱਕ ਚੰਗਾ ਬੰਦਾ ਸੀ। ਕੰਮ ਕਾਜ ਵਿਚ ਵੀ ਵਧੀਆ, ਰਿਸ਼ਤੇ ਨਿਭਾਉਣ ਵਿਚ ਵੀ ਵਧੀਆ, ਨਾ ਕਿਸੇ ਨਾਲ ਵੱਧ ਬੋਲਦਾ ਨਾ ਹੀ ਘੱਟ, ਆਪਣੀਆਂ ਧੀਆਂ ਨਾਲ ਵੀ ਪਿਆਰ ਕਰਦਾ, ਬੇਸ਼ੱਕ ਉਸਦੀਆਂ ਦੋ ਧੀਆਂ ਸਨ ਪਰ ਉਸਨੇ ਕਦੇ ਵੀ ਆਪਣੀਆਂ ਧੀਆਂ ਨੂੰ ਮੱਥੇ ਵੱਟ ਨਹੀਂ ਸੀ ਪਾਇਆ। ਉਸਦੀ ਇੱਕ ਧੀ ਦਾ ਨਾਂ ਆਸ਼ਾ ਅਤੇ ਦੂਸਰੀ ਦਾ ਮੰਨਤ ਸੀ। ਦੋਨੋਂ ਬਹੁਤ ਹੀ ਪਿਆਰੀਆਂ ਸਨ। ਮੋਹਿਤ ਉਹਨਾਂ ਨੂੰ ਪੁੱਤਰਾਂ ਵਾਂਗ ਹੀ ਪਿਆਰ ਕਰਦਾ ਸੀ। ਪਰ ਆਪਣੀ ਪੀੜੀ ਨੂੰ ਤੋਰਨ ਲਈ ਉਸਨੂੰ ਇੱਕ ਪੁੱਤਰ ਦੀ ਰੀਝ ਜਰੂਰ ਸੀ। ਜੋ ਕਿ ਹਫ਼ਤਾ ਪਹਿਲਾਂ ਉਸਦੇ ਕਰ ਜੰਮਿਆ ਸੀ। ਜਿਸਦੀ ਪਾਰਟੀ ਉਹ ਆਪਣੇ ਯਾਰਾਂ ਨਾ ਅੱਜ ਮਨਾ ਰਿਹਾ ਸੀ। ਮੋਹਿਤ ਹਰ ਪੱਖ ਤੋਂ ਬਹਿਤਰ ਸੀ ਸਿਵਾਏ ਸ਼ਰਾਬ ਪੀਣ ਦੀ ਆਦਤ ਤੋਂ।

ਸ਼ਰਾਬ ਜਿਵੇਂ ਉਸਦੇ ਹੱਢੀ ਰਚੀ ਹੋਵੇ। ਉਹ ਸਿਰਫ਼ ਅੱਜ ਪੁੱਤਰ ਜੰਮਣ ਦੇ ਚਾਅ ਵਿਚ ਨਹੀਂ ਸੀ ਪੀ ਰਿਹਾ। ਇਹ ਉਸਦੀ ਰੋਜ਼ਾਨਾ ਦੀ ਆਦਤ ਸੀ। ਉਸਨੇ ਸ਼ਾਰਬ ਪੀਤੇ ਬਿਨਾਂ ਇੱਕ ਦਿਨ ਵੀ ਨਾਗਾ ਨਹੀਂ ਪਾਇਆ ਹੋਣਾ। ਨਾ ਕੋਈ ਦੁੱਖ ਨਾ ਤਕਲੀਫ ਨਾ ਕੋਈ ਪਰੇਸ਼ਾਨੀ। ਫਿਰ ਵੀ ਪਤਾ ਨਹੀਂ ਉਹ ਏਨਾ ਸ਼ਰਾਬ ਪੀਣ ਦਾ ਆਦੀ ਕਿਉਂ ਸੀ। ਉਸ ਨੂੰ ਬਥੇਰਾ ਉਸਦੇ ਰਿਸ਼ਤੇਦਾਰਾਂ, ਪਤਨੀ, ਮਾਂ ਦੋਸਤਾਂ ਨੇ ਸਮਝਾਇਆ ਪਰ ਉਸਦਾ ਇੱਕ ਹੀ ਜੁਆਬ ਹੁੰਦਾ ਸੀ ਕਿ.. ਜਿਊਣਾ ਛੱਡ ਸਕਦਾ ਪਰ ਸ਼ਾਰਬ ਪੀਣੀ ਨਹੀਂ ਛੱਡ ਸਕਦਾ।

ਰਾਤ ਕਰੀਬ ਦੋ ਵਜੇ ਤੱਕ ਸਭ ਸ਼ਰਾਬ ਪੀਂਦੇ ਰਹੇ ਅਤੇ ਫਿਰ ਉੱਥੇ ਹੀ ਢੇਰੀ ਹੋ ਗਏ। ਸੰਦੀਪ ਨੇ ਸਭ ਨੂੰ ਸਹੀ ਤਰੀਕੇ ਨਾਲ ਲਿਟਾਇਆ ਅਤੇ ਤਨ ਢੱਕਣ ਲਈ ਚਾਦਰਾਂ ਦਿੱਤੀਆਂ। ਸੰਦੀਪ ਆਪ ਵੀ ਇੱਕ ਅਰਾਮ ਕਰਨ ਵਾਲੀ ਕੁਰਸੀ 'ਤੇ ਬੈਠ ਸਿਰ ਸੁੱਟ ਸੌਂ ਗਿਆ।

ਸਵੇਰ ਹੋਈ ਤਾਂ ਕਰੀਬ ਨੌਂ ਵੱਜ ਚੁੱਕੇ ਸਨ। ਅੱਜ ਐਤਵਾਰ ਸੀ। ਮੋਹਿਤ ਨੇ ਉੱਠ ਵੇਖਿਆ ਤਾਂ ਸਭ ਜਾ ਚੁੱਕੇ ਸਨ। ਮੋਹਿਤ ਵੀ ਉੱਠਿਆ ਅਤੇ ਨਹਾ ਧੋ ਆਪਣੀ ਘਰਵਾਲੀ ਦੇ ਕੋਲ ਜਾ ਬੈਠਾ। ਘਰਵਾਲੀ ਦਾ ਨਾਂਅ ਮਨਦੀਪ ਸੀ। ਉਹ ਆਪ ਤਾਂ ਬ੍ਰਾਹਮਣ ਸੀ। ਪਰ ਵਿਆਹ ਉਸਨੇ ਸਰਦਾਰਾਂ ਦੀ ਕੁੜੀ ਨਾਲ ਕਰਵਾਇਆ ਸੀ। ਪ੍ਰੇਮ ਵਿਆਹ ਹੋਇਆ ਸੀ ਦੋਨਾਂ ਦਾ। ਮੋਹਿਤ ਅਸਟ੍ਰੇਲੀਆ ਵਿਚ ਪੱਕਾ ਸੀ ਜਿਸ ਕਾਰਨ ਮਨਦੀਪ ਦੇ ਘਰ ਵਾਲਿਆਂ ਨੂੰ ਰਾਜੀ ਹੋਣ ਵਿਚ ਬਹੁਤੀ ਦੇਰ ਨਹੀਂ ਲੱਗੀ। ਮਨਦੀਪ ਆਪਣੇ ਬੱਚੇ ਦੇ ਨਾਲ ਲੰਮੇ ਪਈ ਸੀ। ਮੋਹਿਤ ਬਿਨਾਂ ਬੋਲੇ ਕੋਲ ਜਾ ਬੈਠ ਗਿਆ ਅਤੇ ਨਵੇਂ ਜੰਮੇ ਬੱਚੇ ਨੂੰ ਚਿਹਰੇ 'ਤੇ ਮੁਸਕਾਨ ਲਿਆ ਬੜੇ ਹੀ ਪਿਆਰ ਨਾਲ ਆਪਣੀ ਗੋਦ ਵਿਚ ਲਿਟਾ ਲਿਆ। ਮਨਦੀਪ ਉਹਨਾਂ ਨੂੰ ਦੇਖ ਖੁਸ਼ ਹੋ ਰਹੀ ਸੀ। ਇੰਝ ਲੱਗ ਰਿਹਾ ਸੀ ਜਿਵੇਂ ਪੁੱਤ ਜੰਮਣ ਦੇ ਚਾਅ ਵਿਚ ਉਹਨਾਂ ਦੇ ਪੈਰ ਭੁੰਜੇ ਨਾ ਲੱਗ ਰਹੇ ਹੋਣ। ਮੁੰਡੇ ਦਾ ਨਾਂ ਦੀਪਕ ਰੱਖਿਆ ਗਿਆ। ਏਨੇ ਨੂੰ ਮੋਹਿਤ ਦੀ ਮਾਂ ਵੀ ਆ ਗਈ.. ਮੋਹਿਤ ਬੋਲਿਆ..

"ਮੰਮੀ ਆਸ਼ਾ ਤੇ ਮੰਨਤ?"

"ਬਾਹਰ ਖੇਡ ਰਹੀਆਂ ਨੇ।" ਮੰਮੀ ਕੋਲ ਆਉਂਦੇ ਹੋਏ ਬੋਲੀ..

"ਲਵੋ ਫਿਰ ਤੁਸੀਂ ਖੇਡੋ ਨੰਨੇ ਮੁੰਨੇ ਨਾਲ ਮੈਂ ਆਪਣੀਆਂ ਬਾਰਬੀਆਂ ਨਾਲ ਖੇਡਦਾ ਜਾ ਕੇ।"

ਇਹ ਆਖ ਮੋਹਿਤ ਨੇ ਮੁੰਡੇ ਨੂੰ ਆਪਣੀ ਮਾਂ ਦੇ ਹੱਥ ਫੜਾਇਆ। ਤੇ ਇੱਕ ਚੁੰਮਣ ਕਰ ਕਮਰੇ ਚੋਂ ਬਾਹਰ ਆ ਬੇਟੀਆਂ ਨੂੰ ਦੇਖਣ ਲੱਗਾ। ਮੰਨਤ ਸਾਇੱਕਲ ਚਲਾ ਰਹੀ ਸੀ ਤੇ ਆਸ਼ਾ ਪਿੱਛੋਂ ਧੱਕਾ ਲਗਾਉਂਦੀ। ਆਸ਼ਾ ਵੱਡੀ ਸੀ ਅਤੇ ਮੰਨਤ ਛੋਟੀ। ਮੋਹਿਤ ਵੀ ਉਹਨਾਂ ਨਾਲ ਜਾ ਖੇਡਣ ਵਿਚ ਮਗਨ ਹੋ ਗਿਆ। ਹੁਣ ਦੋਵੇਂ ਕੁੜੀਆਂ ਸਾਇੱਕਲ 'ਤੇ ਸਵਾਰ ਸਨ ਅਤੇ ਮੋਹਿਤ ਸਾਇੱਕਲ ਨੂੰ ਧੱਕਾ ਲਗਾ ਰਿਹਾ ਸੀ। ਤਿੰਨੋਂ ਬਹੁਤ ਖੁਸ਼ ਸਨ। ਬਹੁਤ ਖੁਸ਼। ਜਿਵੇਂ ਸਾਰੀ ਕਾਇਨਾਤ ਦੀਆਂ ਖੁਸ਼ੀਆਂ ਇਹਨਾਂ ਪਲਾਂ ਵਿਚ ਸਮਾ ਗਈਆਂ ਹੋਣ। ਕੁਝ ਦੇਰ ਸਾਇੱਕਲ ਦੀ ਸਵਾਰੀ ਕੀਤੀ ਅਤੇ ਫਿਰ ਕੁੜੀਆਂ ਗਿੱਲੀ ਮਿੱਟੀ ਨਾਲ ਖੇਡਣ ਲੱਗੀਆਂ। ਮੋਹਿਤ ਵੀ ਉਹਨਾਂ ਨਾਲ ਖੇਡਣ ਲੱਗਾ। ਮੋਹਿਤ ਆਪਣੇ ਬੱਚਿਆਂ ਨੂੰ ਉਹ ਸਭ ਖੇਡਾਂ ਖੇਡਣੀਆਂ ਸਿਖਾਉਂਦਾ ਜੋ ਉਹ ਆਪ ਆਪਣੇ ਬਚਪਨ ਵਿਚ ਪੰਜਾਬ ਖੇਡਿਆ ਕਰਦਾ ਸੀ। ਉਹ ਆਪਣਿਆਂ ਬੱਚਿਆਂ ਨੂੰ ਪੰਜਾਬ ਦੀ ਕਿਸੇ ਵੀ ਚੀਜ਼ ਤੋਂ ਵਾਂਝਾ ਨਹੀਂ ਸੀ ਰੱਖਣਾ ਚਾਹੁੰਦਾ।

ਤਿੰਨੋਂ ਜਾਣੇ ਮਿੱਟੀ ਨਾਲ ਲਿਬੜੇ ਪਏ ਸਨ। ਕੋਈ ਮਿੱਟੀ ਦੀ ਚਿੜੀ ਬਣਾਵੇ, ਕੋਈ ਗੱਡੀ ਅਤੇ ਕੋਈ ਕੁਝ। ਬੜੇ ਹੀ ਖੁਸ਼ ਸਨ ਤਿੰਨੋਂ। ਫਿਰ ਅਚਾਨਕ ਆਸ਼ਾ ਨੇ ਦੋ ਪਿਆਲੀਆਂ ਬਣਾਈਆਂ ਅਤੇ ਮੋਹਿਤ ਦੇ ਅੱਗੇ ਕੀਤੀਆਂ ਤੇ ਬੋਲੀ..

"ਦੇਖੋ ਪਾਪਾ ਮੈਂ ਤੁਹਾਡੇ ਲਈ ਅਤੇ ਦੀਪਕ ਲਈ ਕੀ ਬਣਾਇਆ।"

"ਕੀ ਬੇਟਾ?"

"ਸ਼ਰਾਬ ਪੀਣ ਲਈ ਗਿਲਾਸ। ਵੱਡਾ ਵਾਲਾ ਤੁਹਾਡੇ ਲਈ ਤੇ ਛੋਟਾ ਦੀਪਕ ਲਈ।"

ਇਹ ਸੁਣਦੇ ਸਾਰ ਹੀ ਦੀਪਕ ਦੀ ਜਿਵੇਂ ਸੁਰਤ ਹੀ ਕਿਧਰੇ ਗਵਾਚ ਗਈ ਹੋਵੇ। ਇੱਕ ਪਲ ਵਿਚ ਹੀ ਉਸਨੂੰ ਪਤਾ ਨਹੀਂ ਕੀ ਹੋ ਗਿਆ। ਅਚਨਚੇਤ ਹੋ ਉਹ ਬੜੇ ਹੀ ਪਿਆਰ ਨਾਲ ਬੋਲਿਆ..

"ਨਹੀਂ ਬੇਟਾ ਦੀਪਕ ਸ਼ਰਾਬ ਥੋੜੀ ਪੀਵੇਗਾ। ਉਹ ਤਾਂ ਦੁੱਧ ਪੀਆ ਕਰੇਗਾ।"

ਇਹ ਆਖ ਮੋਹਿਤ ਨੇ ਚਿਹਰੇ 'ਤੇ ਮੁਸਕਾਨ ਲਿਆਂਦੀ ਅਤੇ ਆਸ਼ਾ ਦੇ ਹੱਥੋਂ ਪਿਆਲੇ ਫੜਨ ਦੀ ਕੋਸ਼ਿਸ਼ ਕੀਤੀ। ਏਨੇ ਨੂੰ ਫਿਰ ਤੋਂ ਆਸ਼ਾ ਬੋਲੀ..

"ਪਾਪਾ ਅਗਰ ਤੁਸੀਂ ਸ਼ਰਾਬ ਪੀਂਦੇ ਹੋ ਤਾਂ ਉਹ ਵੀ ਤਾਂ ਪੀਵੇਗਾ ਹੀ।"

ਆਸ਼ਾ ਦੀ ਇਸ ਵਾਰ ਦੀ ਗੱਲ ਨੇ ਫਿਰ ਤੋਂ ਮੋਹਿਤ ਦੇ ਮਨ 'ਤੇ ਡੂੰਘੀ ਸੱਟ ਮਾਰੀ ਅਤੇ ਅਚਾਨਕ ਹੀ ਉਸਨੂੰ ਸਭ ਧੁੰਦਲਾ ਧੁੰਦਲਾ ਨਜ਼ਰ ਆਉਣ ਲੱਗਾ। ਉਹ ਆਪਣੀਆਂ ਪਿਛਲੀਆਂ ਯਾਦਾਂ ਵਿਚ ਗਵਾਚ ਗਿਆ।

ਅਠਾਰਾਂ ਸਾਲ ਪਹਿਲਾਂ....

ਟੇਪ ਰਿਕਾਰਡਰ 'ਤੇ ਪੁਰਾਣੀ ਫਿਲਮ ਦਾ ਪੰਜਾਬੀ ਗਾਣਾ "ਥੱਕੇ ਰਾਤ ਦੇ ਨਜ਼ਾਰੇ ਸਾਉਣ ਲੱਗੇ ਚੰਨ ਤਾਰੇ" ਗਾਣਾ ਚੱਲ ਰਿਹਾ ਸੀ। ਸ਼ਿਵ ਕੁਮਾਰ ਸਾਹਮਣੇ ਟੇਬਲ 'ਤੇ ਬੋਤਲ ਟਿਕਾਈ ਗਿਲਾਸ ਵਿਚ ਪੈੱਗ ਪਾਉਂਦਾ ਨਾਲ ਨਾਲ ਗਾ ਰਿਹਾ ਸੀ ਤੇ ਦੂਸਰੇ ਪਾਸੇ ਉਸਦੀ ਘਰ ਵਾਲੀ ਰੀਨਾ ਉਸ ਵੱਲ ਗੁੱਸੇ ਭਰੀ ਨਿਗਾਹ ਨਾਲ ਦੇਖਦੀ ਜਾ ਰਹੀ। ਪਰ ਸ਼ਿਵ 'ਤੇ ਕਿਸੇ ਤਰ੍ਹਾਂ ਦਾ ਕੋਈ ਅਸਰ ਨਹੀਂ ਸੀ ਉਹ ਤਾਂ ਬਸ ਆਪਣੇ ਗਾਉਣ ਅਤੇ ਸ਼ਰਾਬ ਪੀਣ ਵਿਚ ਮਸਤ ਸੀ। ਉਹ ਗਿਲਾਸ ਨੂੰ ਸ਼ਰਾਬ ਨਾਲ ਭਰ ਗਾਉਂਦਾ ਹੋਇਆ ਚੋਜ਼ ਕਰਦਾ ਗਿਲਾਸ ਨੂੰ ਨਚਾ ਰਿਹਾ ਸੀ ਅਤੇ ਆਪਣੀ ਘਰਵਾਲੀ ਨੂੰ ਛੇੜਦਾ ਹੋਇਆ ਹੱਸਦਾ ਜਾ ਰਿਹਾ ਸੀ। ਏਨੇ ਨੂੰ ਉਸਦਾ ਮੁੰਡਾ ਵੀ ਬਾਹਰੋਂ ਖੇਡਦਾ ਹੋਇਆ ਸਿੱਧਾ ਹੀ ਉਸਦੇ ਕੋਲ ਆ ਬੈਠ ਗਿਆ ਤੇ ਕੋਲ ਹੀ ਪਏ ਖਾਲੀ ਗਿਲਾਸ ਨੂੰ ਬੜੇ ਹੀ ਅੰਦਾਜ਼ ਨਾਲ ਸਿੱਧਾ ਕਰ ਟੇਬਲ 'ਤੇ ਪਟਕਿਆ। ਜਿਸਦਾ ਭਾਵ ਸੀ ਕਿ ਉਸਦੇ ਵੀ ਪੈੱਗ ਬਣਾਇਆ ਜਾਵੇ। ਇਹ ਵੇਖ ਸ਼ਿਵ ਨੇ ਆਪਣੇ ਮੁੰਡੇ ਵੱਲ ਵੇਖਿਆ ਅਤੇ ਫਿਰ ਆਪਣੀ ਘਰਵਾਲੀ ਵੱਲ। ਰੀਨਾ ਬੋਲੀ..

"ਲਾਦੋ ਲਾਦੋ ਇਹਨੂੰ ਵੀ ਹੁਣ ਤੋਂ ਹੀ ਸ਼ਰਾਬ ਤੇ। ਦੋਵੇਂ ਪਿਉ ਪੁੱਤ ਬਣਜੋ ਸਿਰੇ ਦੇ ਸ਼ਰਾਬੀ। ਤੁਸੀਂ ਆਪ ਤਾਂ ਮਰਨਾ ਹੀ ਆ ਆਪਣੇ ਮੁੰਡੇ ਨੂੰ ਵੀ ਜਾਂਦੇ ਜਾਂਦੇ ਜ਼ਹਿਰ 'ਤੇ ਲਾਜੋ।"

"ਲਵੋ ਜੀ ਕਰ ਲੋ ਗੱਲ, ਇਹਨੂੰ ਭਲਾ ਮੈਂ ਕਿਹਾ ਗਿਲਾਸ ਸਾਂਵਾ ਰੱਖਣ ਨੂੰ। ਜਾਂ ਮੈਂ ਇਹਨੂੰ ਵੀ ਪੈੱਗ ਬਣਾਕੇ ਦਿੱਤਾ ਈ?"

"ਜੇ ਪਿਉ ਸ਼ਰਾਬ ਪੀਵੂ ਤਾਂ ਪੁੱਤ ਕਿਹੜਾ ਵੱਡਾ ਹੋ ਪੰਡਿਤ ਬਣੂ। ਪਿਉ ਪੀਵੂ ਤਾਂ ਪੁੱਤ ਵੀ ਤਾਂ ਪੀਵੂ ਹੀ..

ਪਿਉ ਪੀਵੂ ਤਾਂ ਪੁੱਤ ਵੀ ਤਾਂ ਪੀਵੂ ਹੀ...

ਪਿਉ ਪੀਵੂ ਤਾਂ ਪੁੱਤ ਵੀ ਤਾਂ ਪੀਵੂ ਹੀ...

ਪਿਉ ਪੀਵੂ ਤਾਂ ਪੁੱਤ ਵੀ ਤਾਂ ਪੀਵੂ ਹੀ...

ਪਿਉ ਪੀਵੂ ਤਾਂ ਪੁੱਤ ਵੀ ਤਾਂ ਪੀਵੂ ਹੀ..."

ਇਹ ਆਵਾਜ਼ ਵਾਰ ਵਾਰ ਮੋਹਿਤ ਦੇ ਕੰਨਾਂ ਵਿਚ ਗੂੰਜ ਰਹੀ ਸੀ। ਉਹ ਆਪਣੀਆਂ ਪਿਛਲੀਆਂ ਯਾਦਾਂ ਵਿਚੋਂ ਬਾਹਰ ਆ ਗਿਆ ਅਤੇ ਉਸਦੇ ਹੱਥ ਵਿਚ ਆਸ਼ਾ ਦੇ ਬਣਾਏ ਹੋਏ ਪਿਆਲੇ ਸਨ। ਆਸ਼ਾ ਦੀ ਆਵਾਜ਼ ਵਿਚ ਵੀ ਉਸਨੂੰ ਇਹੀ ਸੁਣਾਈ ਦੇ ਰਿਹਾ ਸੀ।

"ਅਗਰ ਤੁਸੀਂ ਸ਼ਰਾਬ ਪੀਂਦੇ ਹੋ ਤਾਂ ਉਹ ਵੀ ਤਾਂ ਪੀਵੇਗਾ ਹੀ...

ਅਗਰ ਤੁਸੀਂ ਸ਼ਰਾਬ ਪੀਂਦੇ ਹੋ ਤਾਂ ਉਹ ਵੀ ਤਾਂ ਪੀਵੇਗਾ ਹੀ....

ਅਗਰ ਤੁਸੀਂ ਸ਼ਰਾਬ ਪੀਂਦੇ ਹੋ ਤਾਂ ਉਹ ਵੀ ਤਾਂ ਪੀਵੇਗਾ ਹੀ..."

ਮੋਹਿਤ ਨੇ ਇੱਕ ਦਮ ਭਵਾਂ ਕੇ ਮਿੱਟੀ ਦੇ ਬਣੇ ਪਿਆਲੇ ਸੁੱਟੇ ਤੇ ਦੌੜ ਕੇ ਜਾ ਸ਼ਰਾਬ ਦੀਆਂ ਭਰੀਆਂ ਬੋਤਲਾਂ ਫੜ੍ਹ ਰੋੜਨ ਲੱਗ ਪਿਆ। ਜਿੰਨੀਆਂ ਵੀ ਬੋਤਲਾਂ ਭਰੀਆਂ ਪਈਆਂ ਸਨ ਉਸਨੇ ਸਭ ਇੱਕ ਇੱਕ ਕਰ ਡੋਲ ਦਿੱਤੀਆਂ। ਉਸਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਗਿਆ।

ਕੁਝ ਪਲਾਂ ਪਿੱਛੋਂ ਉਹ ਨਹਾ ਧੋ ਆਪਣੀ ਘਰਵਾਲੀ ਕੋਲ ਦੀਪਕ ਨੂੰ ਗੋਦ ਵਿਚ ਲੈ ਜਾ ਬੈਠਾ। ਕੋਲ ਹੀ ਉਸਦੀ ਮਾਂ ਅਤੇ ਦੋਨੋਂ ਬੇਟੀਆਂ ਵੀ ਸਨ। ਜੋ ਆਪਣੇ ਨਵੇਂ ਵੀਰ ਨਾਲ ਖੂਬ ਖੇਡ ਰਹੀਆਂ ਸਨ। ਮੋਹਿਤ ਸ਼ਰਾਬ ਛੱਡ ਚੁੱਕਾ ਸੀ। ਸਿਰਫ ਆਪਣੇ ਬੱਚਿਆਂ ਦੇ ਉਜਵਲ ਭਵਿੱਖ ਖਾਤਿਰ। ਤਾਂ ਜੋ ਉਸਦੇ ਪਿਉ ਵਾਲੀ ਗਲਤੀ ਉਹ ਨਾ ਦੁਹਰਾਵੇ।

ਜ਼ਿੰਦਗੀ ਰੱਬ ਦੀ ਦਿੱਤੀ ਸਭ ਤੋਂ ਹਸੀਨ ਸੌਗਾਤ ਹੈ। ਨਸ਼ਿਆਂ ਵਿਚ ਅਜ਼ਾਈ ਗਵਾ ਇਸਨੂੰ ਬਰਬਾਦ ਨਾ ਕਰੋ। ਖੁਦ ਲਈ ਨਹੀਂ ਤਾਂ ਘੱਟ ਤੋਂ ਘੱਟ ਉਹਨਾਂ ਲਈ ਇਸ ਨਸ਼ਿਆਂ ਤੋਂ ਦੂਰ ਰਹੋ ਜਿੰਨ੍ਹਾਂ ਨੂੰ ਤੁਹਾਡੀ ਜ਼ਿੰਦਗੀ ਦੀ ਪਰਵਾਹ ਹੈ। ਜਿੰਨ੍ਹਾਂ ਨੂੰ ਤੁਹਾਡੀ ਜ਼ਿੰਦਗੀ ਦੀ ਲੋੜ ਹੈ। ਜ਼ਿੰਦਗੀ ਇੱਕ ਹੀਰਾ ਹੈ।

ਸ਼ੁਕਰੀਆ।

ਪ੍ਰੀਤ ਸਿੰਘ ਭੈਣੀ
ਐੱਮ. ਏ. ਪੰਜਾਬੀ ਦੂਜਾ ਸਮੈਸਟਰ

ਲੋਕ ਨਾਚ : ਬੀਹੂ

ਕੀਰਤੀ
ਬੀ. ਸੀ. ਏ.
ਦੂਜਾ ਸਮੈਸਟਰ

ਰੱਬ ਤੇ ਬੰਦਾ

ਬੰਦਾ...

ਕੀ ਦੁਨੀਆ ਤੂੰ ਬਣਾਈ ਏ?

ਇੱਥੇ ਕਈ ਜਾਤਾਂ ਦੇ ਲੋਕ ਰਹਿੰਦੇ,

ਮੈਨੂੰ ਸਮਝ ਰਤਾ ਨਾ ਆਈ ਏ,

ਕੀ ਸਭ ਜਾਤਾਂ ਤੂੰ ਹੀ ਬਣਾਈਆਂ ਸੀ?

ਨੰਬਰਾਂ ਸਿਰ ਨਾਂਵੇ ਲਿਖ ਲਿਖ ਕੇ,

ਕੀ ਫਿਰ ਧਰਤੀ 'ਤੇ ਪਹੁੰਚਾਈਆਂ ਸੀ?

ਚੱਲ ਛੱਡ, ਕੀ ਲੈਣਾ ਏਨਾ ਪੁੱਛ ਕੇ ਮੈਂ,

ਪਰ ਥੋੜ੍ਹਾ ਖਿਆਲ ਤਾਂ ਕਰਿਆ ਕਰ,

ਮੰਨਿਆ ਕਿ ਤੂੰ ਰੱਬ ਏ,

ਸਭ ਦੁਨੀਆਂ ਤੂੰ ਬਣਾਈ ਏ,

ਪਰ ਏਦਾਂ ਤੇ ਨਾ ਕਰਿਆ ਕਰ।

ਰੱਬ...

ਦੁਨੀਆ ਤੇ ਮੈਂ ਹੀ ਬਣਾਈ ਸੀ,

ਪਰ ਇਨਸਾਨ ਬਣਾ ਕੇ ਭੇਜਿਆ ਸੀ,

ਕੀ ਪਤਾ ਸੀ ਜਾਤਾਂ ਬਣਾਲੇਗਾ,

ਮੈਨੂੰ ਸਮਝ ਰਤਾ ਨਾ ਆਈ ਏ,

ਚੱਲ ਛੱਡ ਜੇ ਹੁਣ ਦੁਨੀਆ 'ਤੇ ਭੇਜ ਦਿੱਤਾ,

ਚੰਗੇ ਕੰਮ ਤੇ ਕਰਿਆ ਕਰ,

ਸੋਚਿਆ ਸੀ ਮੇਰੇ ਮਤੇ ਵਿਚ ਚੱਲੇਂਗਾ,

ਤੂੰ ਰੱਬ ਦਾ ਬਣਾਇਆ ਬੰਦਾ ਏ,

ਫਿਰ ਥੋੜ੍ਹਾ ਤਾਂ ਡਰਿਆ ਕਰ।

ਬੰਦਾ....

ਸੁਣਿਆ ਤੂੰ ਧਾਰਮਿਕ ਅਸਥਾਨਾਂ ਤੇ ਰਹਿਨਾ ਏ,

ਜਿੱਥੇ ਸੰਗਮਰਮਰ ਹੀਰੇ ਮੋਤੀ ਨੇ,

ਤੇ ਮਹਿੰਗੇ ਪਦਾਰਥ ਖਾਂਦਾ ਏ?

ਕਈਆਂ ਦਾ ਵਿਚ ਤੇਰੇ ਵਿਸਵਾਸ਼ ਬੜਾ,

ਨਿਤ ਯਾਦ ਉਹ ਤੈਨੂੰ ਕਰਦੇ ਨੇ,

ਕੀ ਤੂੰ ਵੀ ਉਹਨਾਂ ਕੋਲ ਜਾਨਾ ਏ?

ਕਈ ਬਸ ਆਸ ਤੇਰੇ 'ਤੇ ਰੱਖਦੇ ਨੇ,

ਪਰ ਜ਼ਿੰਦਗੀ ਤੋਂ ਜਾਂਦੇ ਹਰ,

ਮੰਨਿਆਂ ਕਿ ਤੂੰ ਰੱਬ ਏ,

ਸਭ ਦੁਨੀਆਂ ਤੂੰ ਬਣਾਈ ਏ,

ਪਰ ਏਦਾਂ ਤੇ ਨਾ ਕਰਿਆ ਕਰ।

ਰੱਬ...

ਸੰਗਮਰਮਰ ਵੀ ਤੇਰੇ ਬਣਾਏ ਨੇ,

ਜਿੰਨ੍ਹਾਂ ਵਿਚ ਤੂੰ ਮੈਨੂੰ ਰੱਖਦਾ ਏ,

ਮੈਂ ਖਾਵਾਂ ਲਾਲੋ ਦੀ ਰੋਟੀ ਨੂੰ,

ਨਾ ਖੀਰ ਤੇਰੀ ਵੱਲ ਤੱਕਦਾ ਏ,

ਕਿਰਤ ਕਮਾਈ ਤੂੰ ਛੱਡੀ ਸਾਰੀ,

ਰੱਬ ਨੂੰ ਭੁੱਲਿਆ ਫਿਰਦਾ ਏ,

ਫਿਰ ਵੀ ਕਹਿਨਾ ਰੱਬਾ ਮਿਹਰ ਕਰ,

ਸੋਚਿਆ ਸੀ ਮੇਰੇ ਮਤੇ ਨਾਲ ਚੱਲੇਗਾ,

ਤੂੰ ਰੱਬ ਦਾ ਬਣਾਇਆ ਬੰਦਾ ਏ,

ਫਿਰ ਥੋੜ੍ਹਾ ਤਾਂ ਡਰਿਆ ਕਰ।

ਉਂਕਾਰ ਸਿੰਘ

ਐੱਮ. ਏ. ਪੰਜਾਬੀ ਚੌਥਾ ਸਮੈਸਟਰ

ਮੁਸਾਫ਼ਿਰ

ਮੁਸਾਫ਼ਿਰ ਚਾਰ ਕੁ ਦਿਨਾਂ ਦੇ ਆ,

ਖੌਰੇ ਕਦੋਂ ਬੁਲਾਵਾ ਆ ਜਾਵੇ,

ਕੋਈ ਪਤਾ ਨਹੀਂ ਮੌਤ ਕੁਲੈਹਨੀ ਦਾ,

ਖੌਰੇ ਕਦੋਂ ਕੁੰਡਾ ਖੜਕਾ ਦੇਵੇ,

ਏ ਦੁਨੀਆ ਮਤਲਬ ਖੋਰੀ ਜੀ

ਮਤਲਬ ਨੂੰ ਯਾਰ ਬਣਾਉਂਦੀ ਏ,

ਇੱਕ ਮਾਂ ਹੀ ਐਸੀ ਮਿਲੀ ਮੈਨੂੰ

ਜੋ ਬਿਨਾਂ ਮਤਲਬ ਤੋਂ ਚਾਹੁੰਦੀ ਏ,

ਮੈਂ ਲੱਭਿਆ ਐਸਾ ਸੱਜਣ ਜੀ,

ਜੋ ਹੋਰਾਂ ਨੂੰ ਗਲ਼ ਲਾਉਂਦਾ ਏ,

ਓਹਨੇ ਖ਼ੈਰ ਤੇ ਸਾਡੀ ਕੀ ਮੰਗਣੀ,

ਸਾਡੀ ਮੌਤ ਲਈ ਮੱਕੇ ਆਉਂਦਾ ਏ,

ਨਹੀਂ ਹੱਲ ਜਿਸ ਰੋਗ ਕਸੂਤੇ ਦਾ,

ਮੈਂ ਰੋਗ ਉਹ ਜਿੰਦ ਨੂੰ ਲਾ ਬੈਠਾ,

ਹੁਣ ਅੱਲ੍ਹਾ ਮੇਰੀ ਖੈਰ ਕਰੇ,

ਮੈਂ ਬੇ ਪਰਵਾਹ ਨਾਲ ਲਾ ਬੈਠਾ।

ਪਵਨਦੀਪ ਸਿੰਘ

(ਪਵਨ ਨੰਗਲ)

ਬੀ. ਏ. ਪਹਿਲਾ ਸਾਲ

ਮਾਂ

ਰਹਿਣ ਸਦਾ ਹੀ ਹੱਸਦੀਆਂ ਮਾਵਾਂ।

ਇਹ ਤਾਂ ਹਨ ਜੰਨਤ ਦਾ ਸਿਰਨਾਵਾਂ।

ਕੋਈ ਨਾ ਐਨਾ ਲਾਡ ਲਡਾਵੇ,

ਹੱਲਾਸ਼ੇਰੀ ਦੇ ਸ਼ੇਰ ਬਣਾਵੇ।

ਕਿਹੜਾ ਮੰਗੇ ਸੁੱਖਾਂ ਸਾਡੀਆਂ,

ਹਰ ਪਲ ਸਾਡੇ ਹੀ ਲੇਖੇ ਲਾਵੇ।

ਸੌ ਸੁਰਗਾਂ ਜੇਹੀ ਜਿਸਦੀ ਗੋਦੀ,

ਜੋ ਮਿਲਦੀ ਨਾ ਹਰ ਥਾਂ ਹੁੰਦੀ ਹੈ।

ਉਹ ਤਾਂ ਲੋਕੋ! ਬਸ ਮਾਂ ਹੁੰਦੀ ਹੈ,

ਮਾਂ ਹੁੰਦੀ ਹੈ ਜੀ ਮਾਂ ਹੁੰਦੀ ਹੈ।

ਸਹਿ ਕੇ ਪੀੜਾਂ ਜਿਸ ਜੱਗ ਦਿਖਾਇਆ,

ਮਮਤਾ ਦਾ ਮੀਂਹ ਜਿਸ ਵਰਸਾਇਆ।

ਹਰ ਦੁੱਖ ਵੇਲੇ ਜੋ ਚੇਤੇ ਆਵੇ,

ਰੱਬ ਤੋਂ ਪਹਿਲਾਂ ਜੋ ਮੂੰਹੋਂ ਆਇਆ।

ਜਿਸਦਾ ਨਾਂ ਤਨ ਮਨ ਨੂੰ ਠਾਰੇ,

ਜੀਂਕਣ ਬੋਹੜ ਦੀ ਛਾਂ ਹੁੰਦੀ ਹੈ।

ਉਹ ਤਾਂ ਲੋਕੋ! ਬਸ ਮਾਂ ਹੁੰਦੀ ਹੈ,

ਮਾਂ ਹੁੰਦੀ ਹੈ ਜੀ ਮਾਂ ਹੁੰਦੀ ਹੈ।

ਬੱਚਿਆਂ ਦੇ ਵਿਚ ਜਿਸਦੀ ਰੂਹ ਵੱਸੇ,

ਖੁਸ਼ ਹਨ ਬੱਚੜੇ ਤਾਂ ਉਹ ਵੀ ਹੱਸੇ।

ਕੋਈ ਨਾ ਇਸਦਾ ਸਾਨੀ ਜੱਗ 'ਤੇ,

ਜੇ ਕੋਈ ਹੈ ਤਾਂ ਉਹ ਮੈਨੂੰ ਦੱਸੇ।

ਕੁਦਰਤ ਵਾਂਗੂੰ ਉਹ ਪਾਲੇ ਸਭ ਨੂੰ,

ਰੱਬ ਤੋਂ ਪਹਿਲਾਂ ਉਹ ਤਾਂ ਹੁੰਦੀ ਹੈ।

ਉਹ ਤਾਂ ਲੋਕੋ! ਬਸ ਮਾਂ ਹੁੰਦੀ ਹੈ।

ਮਾਂ ਹੁੰਦੀ ਹੈ ਜੀ ਮਾਂ ਹੁੰਦੀ ਹੈ।

ਜਿਸਦੇ ਕੋਲੈ ਉਹ ਕਰ ਲੋ ਪੂਜਾ,

ਇਹਦੇ ਵਰਗਾ ਨਾ ਰਿਸ਼ਤਾ ਦੂਜਾ।

ਜਿਸਦੀਆਂ ਝਿੜਕਾਂ ਵਿਚ ਵੀ ਮਿੱਠਤ,

ਮਾਖਿਉਂ ਮਿੱਠੀ ਜਿਉਂ ਮਿਸ਼ਰੀ ਕੂਜਾ।

'ਸੁੱਖ' ਕਹੇ ਜੰਨਤ ਵੀ ਸਾਰੀ,

ਜਿਸਦੇ ਪੈਰਾਂ ਹੇਠਾਂ ਹੁੰਦੀ ਹੈ।

ਉਹ ਤਾਂ ਲੋਕੋ! ਬਸ ਮਾਂ ਹੁੰਦੀ ਹੈ।

ਮਾਂ ਹੁੰਦੀ ਹੈ ਜੀ ਮਾਂ ਹੁੰਦੀ ਹੈ।

ਸੁਖਬੀਰ ਕੌਰ ਬਾਠ

ਐੱਮ. ਏ. ਪੰਜਾਬੀ ਚੌਥਾ ਸਮੈਸਟਰ

ਔਰਤ

ਔਰਤ ਨਾ ਹੁੰਦੀ ਨਾ ਹੋਣੀ ਸੀ ਦੁਨੀਆ ਸਾਰੀ,

ਕਸ਼ਟ ਝੱਲ ਦੀ ਹੈ ਬਹੁਤੇ ਅਪਾਰ ਔਰਤ।

ਬਿਨਾਂ ਇਸਤਰੀ ਤੋਂ ਹਰ ਕੰਮ ਹੈ ਅਧੂਰਾ,

ਹਰ ਕੰਮ ਦਾ ਲੈਂਦੀ ਸਦਾ ਸਾਰ ਔਰਤ।

ਮਾਂ, ਭੈਣ ,ਪਤਨੀ ਬਿਨਾਂ ਨਾ ਪੁੱਛੇ ਕੋਈ,

ਹਰ ਰਿਸ਼ਤੇ ਦਾ ਗੂੜ੍ਹਾ ਹੈ ਪਿਆਰ ਔਰਤ।

ਦੁਨੀਆ ਨੇ ਕੀਤਾ ਭਾਵੇਂ ਬਦਨਾਮ ਇਸਨੂੰ,

ਪਰ ਬਹੁਤ ਪਵਿੱਤਰ ਹੈ ਵਿਚ ਸੰਸਾਰ ਔਰਤ।

ਬਚਪਨ ਕਿਤੇ ਜਵਾਨੀ ਹੈ ਕਿਤੇ ਮਾਣਦੀ,

ਹਰ ਦੁੱਖ ਸਾਵੇਂ ਰਹਿਦੀ ਸਦਾ ਤਿਆਰ ਔਰਤ।

ਕਿਤੇ ਹਵਸ ਕਿਤੇ ਦਾਜ ਦੀ ਬਲੀ ਚੜ੍ਹਦੀ

ਕੋਈ ਕੁੱਖ ਵਿਚ ਹੀ ਦਿੰਦਾ ਹੈ ਮਾਰ ਔਰਤ।

ਕਿਤੇ ਮਾਈ ਭਾਗੋ ਬਣ ਜੰਗ ਵਿਚ ਜੂਝਦੀ ਏ,

ਕਿਤੇ ਝਾਂਸੀ ਬਣ ਪਾਪੀਆਂ ਨੂੰ ਦੇਵੇ ਸੁਧਾਰ ਔਰਤ।

ਕਿਤੇ ਘਰ ਦੀ ਇਹ ਠੰਢੜੀ ਛਾਂ ਬਣਦੀ,

ਵੱਧ ਪੁੱਤਾਂ ਤੋਂ ਕਰਦੀ ਸਤਿਕਾਰ ਔਰਤ।

ਜਦੋਂ ਮਾਂ ਬਾਪ ਨੂੰ ਪੁੱਤ ਹੈ ਧੱਕੇ ਦਿੰਦਾ,

ਧੀ ਬਣ ਸਾਂਭੇ ਨਾ ਕਰੇ ਕੋਈ ਵਿਚਾਰ ਔਰਤ।

ਬੱਚੇ ਬੁੱਢਿਆਂ ਤੇ ਜਵਾਨਾਂ ਤੋਂ ਘੱਟ ਨਹੀਂ,

ਕਿਤੇ ਚਾਵਲਾ ਬਣਕੇ ਜਾਂਦੀ ਅੰਬਰਾਂ ਵਿਚਕਾਰ ਔਰਤ।

ਕਿਤੇ ਪੀ ਟੀ ਊਸ਼ਾ ਬਣਕੇ ਤਗ਼ਮੇ ਜਿੱਤ ਦੀ ਏ,

ਨਾਲ ਜ਼ਿੰਦਗੀ ਦੇ ਦੌੜੇ ਹਰ ਵਾਰ ਔਰਤ।

ਪ੍ਰੀਤ ਬੈਂਕੇ ਤੂੰ ਵੀ ਇਹ ਰੰਗ ਮਾਣਨੇ ਨਹੀਂ ਸੀ,

ਹਰ ਇੱਕ ਨੂੰ ਦਿਖਾਉਂਦੀ ਹੈ ਇਹ ਸੰਸਾਰ ਔਰਤ।

ਲਵਪ੍ਰੀਤ ਸਿੰਘ ਬੈਂਕਾ

ਬੀ. ਏ. ਗੁਰਮਤਿ ਟੀਚਰ ਟ੍ਰੇਨਿੰਗ

ਪਹਿਲਾ ਸਾਲ

ਤੇਰੀ ਤਸਵੀਰ

ਸੋਹਣੀ ਤੇਰੀ ਤਸਵੀਰ,

ਮੇਰੇ ਦਿਲ ਵਿਚ ਵੱਸ ਗਈ ਏ,

ਮੂੰਹੋਂ ਕੁਝ ਬੋਲਣ ਦੀ ਲੋੜ ਨਾ ਤੈਨੂੰ,

ਤੇਰੀ ਅੱਖ ਬੜਾ ਕੁਝ ਦੱਸ ਗਈ ਏ,

ਤੇਰੇ ਨੈਣ ਤੇਰੇ ਤੋਂ ਬਾਗੀ ਹੋ ਗਏ,

ਤੇ ਤੇਰੀ ਜ਼ੁਲਫ਼ ਬਣ ਸੱਪਣੀ ਡੱਸ ਗਈ ਏ,

ਤੇਰਾ ਹੱਸਣਾ ਤਾਰਿਆਂ ਨੂੰ ਰੋਸ਼ਨ ਕਰਦੇ,

ਤੇ ਸੂਰਜ ਨਸ਼ਿਆਇਆ ਫਿਰਦਾ,

ਖੋਰੇ ਕੀ ਜਾਦੂ ਕਰ ਤੇਰੀ ਵੰਗ ਗਈ ਏ।

ਮਨਦੀਪ ਸਿੰਘ

ਐੱਮ. ਏ. ਪੰਜਾਬੀ ਚੌਥਾ ਸਮੈਸਟਰ

ਹਾੜ੍ਹ ਤੋਂ ਸਾਉਣ

ਹਾੜ੍ਹ ਤੋਂ ਸਾਉਣ

ਮੌਤ ਤੋਂ ਜਿਉਣ

ਝੜੇ ਤੋਂ ਬਸੰਤ

ਅੰਤ ਤੋਂ ਅਨੰਤ

ਸੁੱਕੇ ਤੋਂ ਹਰੇ

ਮੌਨ ਤੋਂ ਵੀ ਪਰੇ

ਦੂਰ ਸੀ ਜੋ ਜਿਹੜੇ

ਆਪੇ ਤੋਂ ਵੀ ਨੇੜੇ

ਹੋ ਗਏ।

ਪਾਣੀ ਦਾ ਵਹਾਅ

ਜ਼ਿੰਦਗੀ ਦਾ ਰਾਹ

ਹਵਾਵਾਂ ਦਾ ਵਗਣ

ਬਿਰਹਾ ਦੀ ਅਗਨ

ਅਗਨ ਦਾ ਓ ਸੇਕ

ਪ੍ਰੇਮ ਦੀ ਓ ਹੇਕ

ਪ੍ਰੇਮ ਦੀ ਓ ਧਰਤ

ਅਕਾਸ਼ੀ ਹੋ ਪਰਤ

ਜਦ ਛੋਹ ਗਏ।

ਵਿਸ਼ਵਜੀਤ ਸਿੰਘ

ਐੱਮ. ਏ. ਪੰਜਾਬੀ ਦੂਜਾ ਮਸੈਸਟਰ

ਰਾਧਾ ਕ੍ਰਿਸ਼ਨਾ

ਕੀਰਤੀ
ਬੀ. ਸੀ. ਏ.
ਦੂਜਾ ਸਮੈਸਟਰ

ਕਿਸ ਤਰ੍ਹਾਂ

ਇਸ ਤਰ੍ਹਾਂ ਉਸ ਤਰ੍ਹਾਂ ਕਿਸ ਤਰ੍ਹਾਂ ਜਿਸ ਤਰ੍ਹਾਂ,

ਕੀ ਕਰਨਾ ਏ ਕੀ ਨਹੀਂ ਕਰਨਾ,

ਇਹ ਬੰਦਿਆਂ ਕਿੱਥੋਂ ਸਿੱਖਿਆ ਏ,

ਇਹ ਸਭ ਕੁਝ ਤੇਰਾ ਬਣਾਇਆ ਏ,

ਜਾਂ ਪਹਿਲਾਂ ਤੋਂ ਈ ਮਿਥਿਆ ਏ,

ਇਹ ਪੁੰਨ ਹੈ ਜਾਂ ਪਾਪ ਹੈ,

ਵਰ ਹੈ ਜਾਂ ਸਰਾਪ ਹੈ,

ਇਹ ਪਤਾ ਤੈਨੂੰ ਕਿੱਥੋਂ ਲੱਗਦਾ ਏ,

ਕੋਈ ਬਾਹਰੋਂ ਆ ਕੇ ਦਸਦਾ ਏ,

ਜਾਂ ਅੰਦਰ ਦੀਵਾ ਜਗਦਾ ਏ,

ਕਿਤੇ ਜਾਣਾ ਏ ਕਿਤੇ ਨਹੀਂ ਜਾਣਾ,

ਕੀ ਖਾਣਾ ਏ ਕੀ ਨਹੀਂ ਖਾਣਾ,

ਕੀ ਮਾੜਾ ਏ ਕੀ ਚੱਜਦਾ ਏ,

ਇਹ ਸਭ ਕੁਝ ਦੁਨੀਆ ਦੱਸਦੀ ਏ,

ਜਾਂ ਅੰਦਰੋਂ ਕੋਈ ਗੱਜਦਾ ਏ?

ਉਂਕਾਰ ਸਿੰਘ

ਐੱਮ. ਏ. ਪੰਜਾਬੀ ਚੌਥਾ ਸਮੈਸਟਰ

ਬਚਪਨ

ਨਿੱਕੇ ਹੁੰਦੇ ਸਿਰਾਂ ਉੱਤੋਂ ਟੋਪੀ ਕਿਹੜਾ ਲਾਹੁੰਦਾ ਸੀ,

ਅੱਧੀ ਛੁੱਟੀ ਭੱਜ ਕੇ ਸਕੂਲੋਂ ਕਿਹੜਾ ਆਉਂਦਾ ਸੀ?

ਕਿੰਨੇ ਕਿੰਨੇ ਪਾਏ ਉਣੇ ਬੇਬੇ ਦੇ ਸਵੈਟਰ,

ਤੇ ਕਿਹੜਾ ਕੱਲੇ ਝੱਗੇ ਨਾ ਸਕੂਲੋਂ ਹੋ ਕੇ ਆਉਂਦਾ ਸੀ?

ਪੋਹ ਦੇ ਮਹੀਨੇ ਵਿਚ ਨਹਾਉਣਾ ਕੰਮ ਬੜਾ ਔਖਾ,

ਸੱਚੋਂ ਸੱਚ ਦੱਸੋ ਯਾਰੋ ਕਿਹੜਾ ਕਿਹੜਾ ਨਹਾਉਂਦਾ ਸੀ?

ਕੌਣ ਸੀ ਸ਼ੌਕੀਨ ਯਾਰੋ ਗੁੱਲੀ ਡੰਡਾ ਖੇਡਣੇ ਦਾ,

ਕਿਹੜਾ ਕਿਹੜਾ ਬਹੁਤਾ ਵੇਲਾ ਟੀਵੀ 'ਤੇ ਬਿਤਾਉਂਦਾ ਸੀ?

ਬਾਂਦਰ ਕਿੱਲੇ 'ਚ ਕੌਣ ਫੇਰੇ ਛਤਰੌਲ ਜ਼ਿਆਦਾ,

ਕਿਹੜਾ ਮੇਰੇ ਵਾਂਗ ਗੋਲ ਘੇਰੇ 'ਚ ਖਲੋਂਦਾ ਸੀ?

ਮੇਰਾ ਤੇ ਪਿਆਰ ਮੇਰੇ ਪਿੰਡ ਨਾਲ ਬਹੁਤ ਜਿਆਦਾ,

ਛੁੱਟੀਆਂ 'ਚ ਕੌਣ ਹੋ ਕੇ ਨਾਨਕਿਓਂ ਆਉਂਦਾ ਸੀ?

ਪਵਨਦੀਪ ਸਿੰਘ

(ਪਵਨ ਨੰਗਲ)

ਬੀ. ਏ. ਪਹਿਲਾ ਸਾਲ

ਗੋਬਿੰਦੇ ਲੈਣ ਆਵੇਂਗੇ

ਤੂੰ ਹਉਮੈ ਛੱਡ ਦੇ,

ਤੁਮੇਂ ਗੋਬਿੰਦੇ ਲੈਣ ਆਵੇਂਗੇ।

ਤੂੰ ਸਿੱਖਿਆ ਪਰ ਧਿਆਨ ਦੇ,

ਤੁਮੇਂ ਗੋਬਿੰਦੇ ਲੈਣ ਆਵੇਂਗੇ।

ਤੂੰ ਸਾਰੇ ਐਬ ਛੱਡ ਦੇ,

ਤੁਮੇਂ ਗੋਬਿੰਦੇ ਲੈਣ ਆਵੇਂਗੇ।

ਤੂੰ ਬਸ ਸ਼ੁਕਰਾਨੇ ਮਨਾ ਸਾਹ ਮਿਲਿਆ ਦੇ,

ਤੁਮੇਂ ਗੋਬਿੰਦੇ ਲੈਣ ਆਵੇਂਗੇ।

ਤੂੰ ਜੱਗ ਦੇ ਮੋਹ ਤਿਆਗ ਦੇ,

ਤੁਮੇਂ ਗੋਬਿੰਦੇ ਲੈਣ ਆਵੇਂਗੇ।

ਤੂੰ ਅੱਖਾਂ ਦਾ ਚਾਹਿਆ ਪਸੰਦੀਦਾ ਛੱਡ ਦੇ,

ਤੁਮੇਂ ਗੋਬਿੰਦੇ ਲੈਣ ਆਵੇਂਗੇ।

ਤੂੰ ਸੂਰਤਾਂ ਤੱਕਣੀਆਂ ਛੱਡ ਦੇ,

ਤੁਮੇਂ ਗੋਬਿੰਦੇ ਲੈਣ ਆਵੇਂਗੇ ।

ਤੈਨੂੰ ਜਮ ਭਾਵੇਂ ਗ਼ਲਤੀ ਨਾਲ ਨਰਕ 'ਚ ਧੱਕ ਦੇ,

ਤੁਮੇਂ ਗੋਬਿੰਦੇ ਲੈਣ ਆਵੇਂਗੇ।

ਤੂੰ ਜਾਪ ਗੋਬਿੰਦ ਗੋਬਿੰਦ ਗੋਬਿੰਦੇ,

ਤੁਮੇਂ ਗੋਬਿੰਦੇ ਲੈਣ ਆਵੇਂਗੇ।

ਗੋਬਿੰਦ ਦੀ ਮੁਹੱਬਤ ਅੱਗੇ ਤਾਜ ਸਭ ਛੱਡ ਦੇ,

ਤੁਮੇਂ ਗੋਬਿੰਦੇ ਲੈਣ ਆਵੇਂਗੇ।

ਗੁਰਤਾਜ ਕੌਰ

ਬੀ. ਐੱਸ. ਸੀ. ਬਾਇਉਟੈਕਨਾਲਜੀ

ਪਹਿਲਾ ਸਾਲ

ਬੇਇਮਾਨਾ ਲਈ ਅਸੀਂ ਮਰਦੇ ਰਹੇ

ਉਹ ਤਾਂ ਉਪਰੋਂ ਉਪਰੋਂ ਕਰਦੇ ਰਹੇ,

ਅਸੀਂ ਐਵੇਂ ਉਹਦੇ ਤੇ ਮਰਦੇ ਰਹੇ,

ਇੱਕ ਈਰਖਾ ਰੱਖ ਕੇ ਮਨ ਦੇ ਅੰਦਰ,

ਸਾਡੀ ਹਾਂ ਦੇ ਵਿਚ ਹਾਂ ਵੀ ਭਰਦੇ ਰਹੇ।

ਸੱਚ ਹੌਲੀ ਹੌਲੀ ਆ ਗਿਆ ਸਾਹਮਣੇ,

ਖੁੱਲ੍ਹ ਗਿਆ ਭੇਦ ਨਾ ਹੁਣ ਪਰਦੇ ਰਹੇ,

ਹੁਸ਼ਿਆਰੀ ਚਲਾਕੀ ਕਾਵਾਂ ਦੇ ਵਰਗੀ,

ਸਾਥੋਂ ਜਾਣ ਬੁੱਝ ਕੇ ਉਹ ਹਰਦੇ ਰਹੇ।

ਕੋਰਟ ਕਚਹਿਰੀ ਸੀ ਭਾਵੇਂ ਚੱਲਦਾ ਸਿੱਕਾ,

ਹੁਣ ਬਾਹਰ ਦੇ ਰਹੇ ਨਾ ਹੀ ਘਰ ਦੇ ਰਹੇ,

ਖੜੇ ਨਹਿਰ ਕਿਨਾਰੇ ਦੇ ਧੱਕਾ ਸੁੱਟ ਗਏ,

ਖੁਸ਼ ਕਿਸਮਤੀ ਸੀ ਕੇ ਅਸੀਂ ਤਰਦੇ ਰਹੇ।

ਗਹਿਰੇ ਇਸ਼ਕ ਦਾ ਪਾ ਗਲ ਸਾਡੇ ਰੱਸਾ,

ਸਾਨੂੰ ਚਾਰਦੇ ਰਹੇ ਤੇ ਅਸੀਂ ਚਰਦੇ ਰਹੇ,

ਘੁੱਟਿਆ ਗਲ ਤੇ ਖੁਭਾਏ ਸੀਨੇ ਸੀ ਖੰਜਰ,

ਹੱਸ ਹੱਸ ਦਰਦ ਉਹਦਾ ਵੀ ਜਰਦੇ ਰਹੇ।

ਟੁੱਟਿਆ ਫਿਰੇ ਦਰਦੀ ਹੁਣ ਅੰਦਰੋਂ ਅੰਦਰ,

ਸੋਚ ਕਿਉਂ ਬੇਇਮਾਨਾ ਲਈ ਅਸੀਂ ਮਰਦੇ ਰਹੇ।

ਗੁਰਪ੍ਰੀਤ ਸਿੰਘ

ਐੱਮ. ਏ. ਪੰਜਾਬੀ ਸਮੈਸਟਰ ਦੂਜਾ

ਕਿਸਾਨੀ ਸੰਘਰਸ਼

ਤਿੰਨ ਸੌ ਅਠੱਤਰ ਦਿਨਾਂ ਦਾ ਸੰਘਰਸ਼ ਲੜਿਆ ਏ,

ਕਿੰਨੇ ਹੀ ਸਾਥੀਆਂ ਨੂੰ ਕਬਰਾਂ 'ਚ ਧਰਿਆ ਏ।

ਬੱਚੇ ਬਜ਼ੁਰਗਾਂ ਸਭ ਨੇ ਯੋਗਦਾਨ ਪਾਇਆ ਏ,

ਇੱਕ ਵਾਰ ਫਿਰ ਸਰਕਾਰਾਂ ਨੂੰ ਝੁਕਾਇਆ ਏ।

ਸਾਡਾ ਅੱਜ ਵੀ ਖ਼ੂਨ ਜੁਲਮ ਵੇਖ ਕੇ ਖੌਲਦਾ ਏ,

ਕੋਈ ਲਾਲਚ ਵੇਖ ਕੇ ਇਮਾਨ ਨਾ ਡੋਲਦਾ ਏ।

ਜਿਹੜੇ ਕਹਿੰਦੇ ਸੀ ਪੰਜਾਬ ਸਾਰਾ ਨਸ਼ੇ 'ਤੇ ਲਾਇਆ ਏ,

ਅਸੀਂ ਉਹੀ ਸੂਰਮੇ ਹਾਂ ਸਾਬਤ ਕਰ ਦਿਖਾਇਆ ਏ।

"ਸੁਖ" ਅੱਜ ਵੀ ਮਾਣ ਕਰੇ ਪੰਜਾਬੀ ਹੋਣ 'ਤੇ,

ਜੋ ਮਰਨੇ ਨੂੰ ਤਿਆਰ ਰਹਿੰਦੇ ਆਪਣੇ ਹੱਕ ਖੋਹਣ 'ਤੇ।

ਸੁਖਬੀਰ ਕੌਰ ਬਾਠ

ਐੱਮ. ਏ. ਪੰਜਾਬੀ ਚੌਥਾ ਸਮੈਸਟਰ

ਚਿਕਿਤਸਕ ਪੌਦਿਆਂ 'ਤੇ ਪੋਸਟਰ

ਕੀਰਤੀ
ਬੀ. ਸੀ. ਏ.
ਦੂਜਾ ਸਮੈਸਟਰ

ਕੁਝ ਨਾ ਸੋਚੇ

ਸੋਚੀ ਜਾਵਾਂ ਮੈਂ ਉਹਦੇ ਬਾਰੇ,

ਜੋ ਮੇਰੇ ਬਾਰੇ ਕੁਝ ਨਾ ਸੋਚੇ,

ਲੱਖਾਂ ਹੀ ਗੱਲਾਂ ਮੇਰੇ ਦਿਲ ਵਿਚ,

ਉਹਦੀਆਂ ਆਉਦੀਆਂ ਨੇ,

ਉਹ ਪਰ ਮੇਰੇ ਬਾਰੇ ਇੱਕ ਨਾ ਸੋਚੇ,

ਪੱਥਰ 'ਤੇ ਲੀਕ ਵਗ ਜਾਂਦੀ ਏ,

ਵੀ ਮੈਂ ਸੁਣਿਆ ਹੈ,

ਜੇ ਵਗ ਜਾਵੇ ਤਾਂ ਉਹ ਮਿਟਦੀ ਨਹੀਂ,

ਏਦਾਂ ਹੀ ਉਹਦਾ ਸੁਪਨਾ ਬੁਣਿਆ ਹੈ,

ਲੱਖ ਵਾਰ ਆਪਣੇ ਆਪ ਨਾਲ ਗੱਲਾਂ,

ਕੀਤੀਆਂ ਹੋਣਗੀਆਂ ਪਰ ਫਰਕ ਇਹ,

ਕਿ ਨਾ ਮੈਂ ਆਪਣੀਆਂ ਨਾ,

ਹੀ ਕਿਸੇ ਗੈਰ ਦੀਆਂ ਕੀਤੀਆਂ ਨੇ,

ਸਿਰਫ਼ ਉਸਦੀਆਂ ਜੋ ਮੇਰੇ ਬਾਰੇ,

ਇੱਕ ਨਾ ਸੋਚੇ ਪਤਾ ਨਹੀਂ ਕਿਉਂ?

ਮਨਦੀਪ ਸਿੰਘ
ਐੱਮ. ਏ. ਪੰਜਾਬੀ ਚੌਥਾ ਸਮੈਸਟਰ

ਸਮੇਂ ਦੀ ਕਦਰ

ਓ ਭਲਿਆ ਲੋਕਾ..

ਓ ਭਲਿਆ ਲੋਕਾ।

ਸਾਂਭਲਾ ਇਸ ਸਮੇਂ ਨੂੰ ਤੂੰ..

ਸਾਂਭਲਾ ਇਸ ਸਮੇਂ ਨੂੰ ਤੂੰ।

ਜੋ ਸਮਾਂ ਇਹ ਲੰਘ ਜਾਣਾ ਮੁੜਕੇ ਨਹੀਂ ਵਾਪਿਸ ਆਉਣਾ।

ਓ ਭਲਿਆ ਲੋਕਾ..

ਓ ਭਲਿਆ ਲੋਕਾ।

ਕਦੇ ਤਾਂ ਲੱਗੂਗੀ ਇਸ ਸਮੇਂ ਦੀ ਕੀਮਤ ਪਤਾ ਤੈਨੂੰ।

ਕਿਉਂਕੀ ਇਹ ਅੱਜ ਮੇਰੇ ਕੋਲ ਹੈ।

ਕੱਲ ਤੇਰੇ ਕੋਲ ਆ ਜਾਣਾ।

ਸਮਾਂ ਲੰਗਣ ਤੋਂ ਬਾਅਦ..

ਸਮਾਂ ਲੰਗਣ ਤੋਂ ਬਾਅਦ ਬੰਦੇ ਨੂੰ ਪਛਤਾਵਾ ਲੱਗ ਜਾਣਾ।

ਜੇਕਰ ਸਾਂਭ ਲਈਏ ਇਸ ਸਮੇਂ ਨੂੰ ਤਾਂ ਸਾਡਾ ਕੰਮ ਵੀ ਬਣ ਜਾਣਾ।

ਓ ਭਲਿਆ ਬੰਦਿਆ..

ਓ ਭਲਿਆ ਬੰਦਿਆ।

ਸਮਾਂ ਸਾਡੀ ਬਦਲ ਦਿੰਦਾਂ

ਨੁਹਾਰ ਬੰਦਿਆ।

ਓ ਬੰਦਿਆ

ਓ ਬੰਦਿਆ।

ਜਾਂਚ ਲੈ,ਪਰਖ ਲੈ, ਤੂੰ ਇਸ ਸਮੇਂ ਨੂੰ..

ਜਾਂਚ ਲੈ,ਪਰਖ ਲੈ, ਤੂੰ ਇਸ ਸਮੇਂ ਨੂੰ।

ਤੂੰ ਨਹੀਂ ਸਮੇਂ ਦੇ, ਸਮਾਂ ਏ ਤੇਰੇ ਨਾਲ ਬੰਦਿਆ।

ਸਾਰੇ ਯਾਰ, ਰਿਸ਼ਤੇਦਾਰ, ਦੋਸਤ, ਛੱਡ ਜਾਣਗੇ ਤੈਨੂੰ,

ਪਰ ਸਮਾਂ ਨਹੀਂ ਛੱਡੂ ਤੇਰਾ ਸਾਥ ਬੰਦਿਆ।

ਭਾਵੇਂ ਮਾੜਾਏ, ਭਾਵੇਂ ਚੰਗਾਏ..

ਭਾਵੇਂ ਮਾੜਾਏ, ਭਾਵੇਂ ਚੰਗਾਏ।

ਇਹ ਹਰ ਪਲ ਰਹੂ ਤੇਰੇ ਨਾਲ ਬੰਦਿਆ।

ਸਾਇਆ ਬਣਕੇ ਰਹੂਗਾ ਤੇਰੇ ਨਾਲ ਬੰਦਿਆ।

ਅਕਾਸ਼ਦੀਪ ਸਿੰਘ ਮਜੀਠੀਆ

ਐੱਮ.ਏ. ਪੰਜਾਬੀ ਦੂਜਾ

ਗਲ਼ਤੀ ਵਾਰ ਵਾਰ ਨਹੀਂ ਕਰਦਾ

ਮੈਂ ਲਫਜਾਂ ਵਿੱਚ ਕੁੱਝ ਵੀ ਇਜ਼ਹਾਰ ਨਹੀਂ ਕਰਦਾ,

ਇਹਦਾ ਇਹ ਮਤਲਬ ਨਹੀਂ ਕਿ, ਮੈਂ ਉਹਨੂੰ ਪਿਆਰ ਨਹੀਂ ਕਰਦਾ।

ਚਾਹੁੰਦਾ ਤਾਂ ਮੈਂ ਉਸਨੂੰ ਅੱਜ ਵੀ ਹਾਂ

ਪਰ ਉਹਦੀ ਯਾਦ 'ਚ ਆਪਣਾ ਵਕਤ, ਬਰਬਾਦ ਨਹੀਂ ਕਰਦਾ।

ਤਮਾਸ਼ਾ ਨਾ ਬਣ ਜਾਵੇ ਕਿਤੇ ਮੇਰੀ ਮੁਹੱਬਤ ਦਾ,

ਇਸ ਲਈ ਆਪਣੇ ਦਰਦ ਦਾ, ਇਜ਼ਹਾਰ ਨਹੀਂ ਕਰਦਾ।

ਜੋ ਕੁੱਝ ਵੀ ਮਿਲਿਆ ਉਸ ਵਿਚ ਹੀ ਖੁਸ਼ ਹਾਂ,

ਸੰਧੂ ਉਹਦੇ ਲਈ ਰੱਬ ਨਾਲ, ਤਕਰਾਰ ਨਹੀਂ ਕਰਦਾ।

ਪਰ ਕੋਈ ਗੱਲ ਤਾਂ ਹੈ ਉਹਦੇ ਵਿਚ,

ਨਹੀਂ ਤਾਂ ਚੰਦਰਾ ਦਿਲ ਉਹਨੂੰ ਚਾਹੁਣ ਦੀ ਗਲਤੀ,

ਵਾਰ ਵਾਰ ਨਹੀਂ ਕਰਦਾ।

ਗੁਰਪ੍ਰੀਤ ਸਿੰਘ
ਐੱਮ. ਏ. ਪੰਜਾਬੀ ਸਮੈਸਟਰ ਦੂਜਾ

ਇੱਕ ਸਵਾਲ ਮੇਰੇ ਅੰਦਰ

ਜਿੱਥੇ ਹਰ ਮੁਰਾਦ ਪੂਰਨ ਹੁੰਦੀ ਕਹਿੰਦੇ ਉਸ ਜਗ੍ਹਾ ਨੂੰ ਮੰਦਰ ਮਸਜਿਦ ਸਾਰੇ,

ਮੇਰੇ ਕੈਸੇ ਨੇ ਲੇਖ? ਇਸ ਗੱਲ ਨੂੰ ਲੈ ਇੱਕ ਸਵਾਲ ਮੇਰੇ ਅੰਦਰ ਏ,

ਮੈਂ ਚੁੱਪ ਜਿਹੀ ਹਾਂ ਕਿਉਂਕਿ ਮੈਂ ਚਾਹਾਂ ਤੋੜਨੇ ਤਾਰੇ,

ਰੱਬ ਜੋੜਿਆ ਏ ਜਾਂ ਤੋੜਿਆ ਏ ਇੱਕ ਸਵਾਲ ਮੇਰੇ ਅੰਦਰ ਏ।

ਓ ਮੇਰੇ ਖ਼ੁਦਾ! ਮੈਂ ਮੇਰੀ ਬਹੁਤ ਗਈ ਆ ਅੱਕ ਹੁਣ ਤਾਂ,

ਤੂੰ ਮੇਲ-ਮਿਲਾਪ ਜਦੋਂ ਕਰਨਾ ਤਾਂ ਪੁੱਛਣਾ ਇੱਕ ਸਵਾਲ ਮੇਰੇ ਅੰਦਰ ਏ,

ਖ਼ੁਵਾਹਿਸ਼ ਆ ਤੇਰੇ ਕੋਲ ਆਉਣ ਦੀ ਤੂੰ ਧਰਤੀ 'ਤੇ ਦੇਖ ਮੈਨੂੰ ਜਾਵੇ ਥੱਕ,

ਰੱਬ ਜੋੜਇਆ ਏ ਜਾਂ ਤੋੜਿਆ ਏ ਇੱਕ ਸਵਾਲ ਮੇਰੇ ਅੰਦਰ ਏ।

ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਨਾਲ ਮੈਂ ਹਾਂ ਭਰੀ ਪਈ,

ਕਿੰਨਾ ਹੈ ਤੇਰਾ ਨਾਮ ਮੈਂ ਜਪਿਆ ਤਾਹੀਂ ਇੱਕ ਸਵਾਲ ਮੇਰੇ ਅੰਦਰ ਏ,

ਮੈਂ ਤਰਨਾ ਸੀ ਤੇ ਹਜੇ ਤੱਕ ਕਿਉਂ ਨਹੀਂ ਹਾਂ ਤਰੀ,

ਰੱਬ ਜੋੜਇਆ ਏ ਜਾਂ ਤੋੜਿਆ ਏ ਇੱਕ ਸਵਾਲ ਮੇਰੇ ਅੰਦਰ ਏ।

ਹਉਮੈ ਮੇਰੀ ਦੇ ਖੰਭ ਦੇ ਵੱਢ, ਮੈਂ ਉੱਚੀ ਛਾਲਾਂ ਮਾਰਾਂ ਨਾ,

ਤੂੰ ਕਰੇ ਬਖਸ਼ਿਸ਼ ਤਾਂ ਛੱਡ ਦਵਾਂ ਮੈਂ ਸਾਰੇ ਐਬ ਇੱਕ ਸਵਾਲ ਮੇਰੇ ਅੰਦਰ ਏ,

ਕੀ ਜਾਂਦਾ ਤੇਰਾ ਜੇ ਮਨ-ਮਰਜ਼ੀ ਮੇਰੇ 'ਚੋਂ ਦੇ ਤੂੰ ਕੱਢ,

ਰੱਬ ਜੋੜਇਆ ਏ ਜਾਂ ਤੋੜਿਆ ਏ ਇੱਕ ਸਵਾਲ ਮੇਰੇ ਅੰਦਰ ਏ।

ਮੈਂ ਛੇਤੀ ਹੀ ਇੱਕ ਲਾਸ਼ ਬਣ ਕਬਰ 'ਚ ਪੈ ਜਾਵਾਂ,

ਮੈਂ ਪਾਪਾਂ ਦੀ ਨਗਰੀ ਤੋਂ ਦੂਰ ਰਹਾਂ ਤਾਂ ਇੱਕ ਸਵਾਲ ਮੇਰੇ ਅੰਦਰ ਏ,

ਮੈਂ ਭ੍ਰਿਸ਼ਟ ਹੋਣ ਤੋਂ ਤੂੰ ਹੀ ਦਸ ਕਿਵੇਂ ਬਚਾ ਕਿ ਤੇਰੇ ਹੀ ਬਸ ਦਰ 'ਤੇ ਆਵਾਂ,

ਰੱਬ ਜੋੜਇਆ ਏ ਜਾਂ ਤੋੜਿਆ ਏ ਇੱਕ ਸਵਾਲ ਮੇਰੇ ਅੰਦਰ ਏ।

ਗੁਰਤਾਜ ਕੌਰ
ਬੀ. ਐੱਸ. ਸੀ. ਬਾਇਉਟੈਕਨਾਲਜੀ
ਪਹਿਲਾ ਸਾਲ

ਤੇਰੇ ਵਰਗਾ

ਹੱਸਿਆ ਨਹੀਂ ਜਾਂਦਾ , ਰੋਇਆ ਨਹੀਂ ਜਾਂਦਾ,

ਤੇਰੇ ਵਰਗਾ ਹੋਇਆ ਨਹੀਂ ਜਾਂਦਾ,

ਤੂੰ ਦੁੱਖ ਵੀ ਮੌਜ ਨਾਲ਼ ਮਾਣਦਾ,

ਤੂੰ ਸੁੱਖ ਵੀ ਮੌਜ ਨਾਲ਼ ਮਾਣਦਾ,

ਤੂੰ ਕਦੇ ਮਿੱਟੀ ਬਰਾਬਰ ਹੋ ਜਾਵੇਂ,

ਕਦੇ ਤੂੰ ਹੋਜੇ ਰੱਬ ਦੇ ਹਾਣ ਦਾ,

ਜਿਵੇਂ ਤੂੰ ਮਰਦਾ ਆਂ ਮੇਰੇ 'ਤੇ,

ਮੇਰੇ ਕੋਲ਼ੋ ਮੋਇਆ ਨਹੀਂ ਜਾਂਦਾ,

ਹੱਸਿਆ ਨਹੀਂ ਜਾਂਦਾ, ਰੋਇਆ ਨਹੀਂ ਜਾਂਦਾ,

ਤੇਰੇ ਵਰਗਾ ਹੋਇਆ ਨਹੀਂ ਜਾਂਦਾ

ਮੈਨੂੰ ਖ਼ਾਲੀ ਨੂੰ ਤੂੰ ਭਰ ਦੇਵੇਂ,

ਜਦ ਗੱਲਾਂ ਚਾਰ ਕੁ ਕਰ ਦੇਵੇਂ,

ਤੂੰ ਆਪ ਤਾਂ ਮੌਤ ਦਾ ਆਸ਼ਿਕ ਏ,

ਤੇ ਮੈਨੂੰ ਜੀਣ ਦਾ ਵਰ ਦੇਵੇਂ,

ਜੀਅ ਕਰੇ ਤਾਂ ਰੱਬ ਘੇਰ ਕੇ ਬਹਿ ਜਾਵਾਂ,

ਪਰ ਤੇਰੇ ਅੱਗੇ ਖਲੋਇਆ ਨਹੀਂ ਜਾਂਦਾ,

ਹੱਸਿਆ ਨਹੀਂ ਜਾਂਦਾ, ਰੋਇਆ ਨਹੀਂ ਜਾਂਦਾ,

ਤੇਰੇ ਵਰਗਾ ਹੋਇਆ ਨਹੀਂ ਜਾਂਦਾ।

ਸੁਖਬੀਰ ਸੋਨਾ

ਐੱਮ. ਏ. ਪੰਜਾਬੀ ਚੌਥਾ ਸਮੈਸਟਰ

ਗੱਲਾਂ

ਤੇਰੀਆਂ ਗੱਲਾਂ ਤੋਂ ਪਤਾ ਲੱਗਦਾ

ਤੂੰ ਸਿਰਫ਼ ਗੱਲਾਂ ਹੀ ਕਰਦੀ ਏ

ਪਿਆਰ ਨਹੀਂ।

ਸਿਰਫ਼ ਗੱਲਾਂ

ਕਿਸੇ ਇਨਸਾਨ ਦਾ ਚਰਿੱਤਰ

ਬਿਆਨ ਨਹੀਂ ਕਰ ਸਕਦੀਆਂ

ਕਿਉਂਕਿ ਗੱਲਾਂ ਤਾਂ

ਝੂਠੀਆਂ ਵੀ ਹੁੰਦੀਆਂ ਹਨ।

ਸ਼ੀਸ਼ਾ

ਹੁਣ ਤਾਂ ਸ਼ੀਸ਼ੇ ਵਿਚ ਵੀ

ਓਹੀ ਨਜ਼ਰ ਆਉਂਦੀ ਏ

ਕਈ ਚਿਰ ਹੋ ਗਿਆ

ਖੁਦ ਦੀ ਸ਼ਕਲ ਵੇਖੇ ਨੂੰ।

ਮਨਦੀਪ ਸਿੰਘ

ਐੱਮ. ਏ. ਪੰਜਾਬੀ ਚੌਥਾ ਸਮੈਸਟਰ

ਇਹ ਕਵਿਤਾ ਮੇਰੀ ਅਖੀਰ ਨਹੀਂ

ਬਹੁਤ ਵਕਤ ਨਹੀਂ ਹੋਇਆ ਲਿਖਦਿਆਂ,

ਕੁਝ ਹੋਏ ਦਸ ਬਾਰਾਂ ਸਾਲ ਨੇ,

ਮਨ ਦੀਆਂ ਭਾਵਾਂ ਪ੍ਰਗਟ ਕੀਤੀਆਂ,

ਕਲ਼ਮ ਦੀ ਬੱਝੀ ਇਸ ਚਾਲ ਨੇ,

ਸਭ ਟੇਢੇ-ਮੇਢੇ ਅੱਖਰ ਜੋੜੇ ਨੇ,

ਕੋਈ ਸਿੱਧੀ ਖਿੱਚੀ ਲਕੀਰ ਨਹੀਂ,

ਕਲ਼ਮ ਮੇਰੀ ਨੇ ਹੋਰ ਵੀ ਲਿਖਣਾ,

ਇਹ ਕਵਿਤਾ ਮੇਰੀ ਅਖੀਰ ਨਹੀਂ।

ਮਹਿਬੂਬ ਲਈ ਬਹੁਤਾ ਮੈਂ ਲਿਖਿਆ,

ਇਸ਼ਕੇ ਤੋਂ ਖਾਧੀ ਚੋਟ ਸੀ,

ਹੌਲੀ-ਹੌਲੀ ਵਿਚਾਰ ਬਦਲ ਗਏ,

ਕਿਤਾਬਾਂ ਤੋਂ ਲੈ ਲਈ ਓਟ ਸੀ,

ਰੱਬ ਬਾਰੇ ਕੁਝ ਕੁ ਲਿਖਿਆ,

ਮੈਂ ਬਣਿਆ ਅਜੇ ਫ਼ਕੀਰ ਨਹੀਂ,

ਕਲ਼ਮ ਮੇਰੀ ਨੇ ਹੋਰ ਵੀ ਲਿਖਣਾ,

ਇਹ ਕਵਿਤਾ ਮੇਰੀ ਅਖੀਰ ਨਹੀਂ।

ਕੁਝ ਕਹਾਣੀਆਂ ਕਿੱਸੇ ਲਿਖੇ ਨੇ,

ਜੋ ਸਭ ਨੂੰ ਆਏ ਪਸੰਦ ਨੇ,

ਔਰਤ ਨੂੰ ਪ੍ਰਮੁੱਖ ਜਾਣ ਕੇ,

ਮੈਂ ਬਹੁਤੇ ਜੋੜੇ ਬੰਦ ਨੇ,

ਭੁੱਲਾਂ ਵੀ ਬਹੁਤ ਮੈਥੋਂ ਹੋ ਗਈਆਂ,

ਸੋ ਮੰਨਿਆ ਮੈਂ ਕੋਈ ਪੀਰ ਨਹੀਂ,

ਕਲ਼ਮ ਮੇਰੀ ਨੇ ਹੋਰ ਵੀ ਲਿਖਣਾ,

ਇਹ ਕਵਿਤਾ ਮੇਰੀ ਅਖੀਰ ਨਹੀਂ।

ਉਮੀਦ ਕਰਦਾ ਅੱਗੇ ਬਹਿਤਰ ਲਿਖਾਂ,

ਹਰ ਇੱਕ ਟੀਚੇ ਨੂੰ ਜਾਣ ਕੇ,

ਹੋਈਆਂ ਗਲਤੀਆਂ ਮੁਆਫ ਕਰ ਦੇਣਾ,

ਇੱਕ ਨਵਾਂ ਵਿਦਿਆਰਥੀ ਜਾਣ ਕੇ,

ਰੱਬ ਨਹੀਂ ਹਾਂ ਬਸ ਨਾ ਚੀਜ਼ ਹਾਂ,

ਲਿਖ ਸਕਦਾ ਕਿਸੇ ਦੀ ਤਕਦੀਰ ਨਹੀਂ,

ਕਲ਼ਮ ਮੇਰੀ ਨੇ ਹੋਰ ਵੀ ਲਿਖਣਾ,

ਇਹ ਕਵਿਤਾ ਮੇਰੀ ਅਖੀਰ ਨਹੀਂ,

ਇਹ ਕਵਿਤਾ ਮੇਰੀ ਅਖੀਰ ਨਹੀਂ।

ਪ੍ਰੀਤ ਸਿੰਘ ਭੈਣੀ
ਐੱਮ. ਏ. ਪੰਜਾਬੀ ਦੂਜਾ ਸਮੈਸਟਰ

ਰਿਸ਼ਤਿਆਂ ਦੀ ਸਾਂਝ

ਜੀਵਨ ਨੂੰ ਮਾਣਦਿਆਂ, ਭੋਗਦਿਆਂ ਅਤੇ ਕੱਟਦਿਆਂ ਜਿੰਨ੍ਹਾਂ ਵੀ ਪੜਾਵਾਂ ਚੋਂ ਲੰਘਣ ਦਾ ਸਬੱਬ ਬਣਦਾ ਹੈ, ਓਸ ਦੌਰਾਨ ਅਨੇਕਾਂ-ਅਨੇਕ ਅਨੁਭਵ ਅਤੇ ਵਿਚਾਰ ਸਾਡੇ ਮਨ-ਮੰਡਲ ਦਾ ਸ਼ਿੰਗਾਰ ਬਣਦੇ ਹਨ। ਹਾਲਾਂਕਿ ਇਸ ਵਿਚ ਰਤਾ ਵੀ ਝੂਠ ਨਹੀਂ ਕਿ ਅਸੀਂ ਜੀਵਨ ਨੂੰ ਬਹੁਤਾ ਕੱਟਦੇ ਹਾਂ, ਥੋੜ੍ਹਾ ਭੋਗਦੇ ਹਾਂ ਅਤੇ ਕਿੰਚਨ-ਮਾਤਰ ਮਾਣਦੇ ਹਾਂ। ਅਨੁਭਵਾਂ ਅਤੇ ਵਿਚਾਰਾਂ ਦੇ ਪ੍ਰਭਾਵ ਦੀ ਛਾਂ ਹੇਠ ਬਹੁਤ ਕੁਝ ਦ੍ਰਿੜ ਕਰਦੇ ਅਤੇ ਰੱਦ ਕਰਦੇ ਹਾਂ। ਇਸ ਸਿਲਸਿਲੇ ਦੀ ਰਵਾਨਗੀ ਸਾਰੀ ਉਮਰ ਬਰਕਰਾਰ ਅਤੇ ਵੇਗਮਈ ਬਣੀ ਰਹਿੰਦੀ ਹੈ। ਥੋੜ੍ਹੇ-ਬਹੁਤੇ ਫ਼ਰਕ ਨਾਲ ਹਰ ਮਨੁੱਖ ਦੀ ਮਾਨਸਿਕ ਕੈਫ਼ੀਅਤ ਤਕਰੀਬਨ ਇਵੇਂ ਦੀ ਹੀ ਹੁੰਦੀ ਹੈ।

ਜੀਵਨ ਦੀ ਸਮਝ ਦੇ ਇਸ ਸਾਂਝੇ ਮੁਹਾਵਰੇ ਨੂੰ ਦੇਖੀਏ ਤਾਂ ਜੀਵਨ ਇੱਕ ਸੁਪਨਾ ਹੈ ਅਤੇ ਇਹ ਸੁਪਨਾ ਅਸੀਂ ਖੁੱਲ੍ਹੀਆਂ ਅੱਖਾਂ ਨਾਲ ਵੇਖਦੇ ਹਾਂ। ਜਨਮ-ਮਰਨ ਦੇ ਦੋ ਕਿਨਾਰਿਆਂ ਦੇ ਦਰਮਿਆਨ ਵਾਪਰਦੇ ਇਸ ਸੁਪਨੇ ਨੂੰ ਪਕੜ ਲੈਣ ਦਾ ਦਾਅਵਾ ਕਦੀ ਕੋਈ ਨਹੀਂ ਕਰ ਸਕਿਆ।

ਅਸੀਂ ਮਾਰੂਥਲ ਦੇ ਜ਼ਰਿਆਂ ਦੇ ਨਿਆਈਂ ਨਿੱਕੇ ਕਿਣਕੇ, ਆਪਣੀ ਸੀਮਿਤ ਦ੍ਰਿਸ਼ਟੀ ਕਾਰਨ ਜਨਮ ਅਤੇ ਮੌਤ ਦੇ ਦੋ ਕਿਨਾਰਿਆਂ ਨੂੰ ਸ਼ੁਰੂ ਅਤੇ ਅੰਤ ਮੰਨ ਲੈਂਦੇ ਹਾਂ। ਜਨਮ ਤੋਂ ਪਹਿਲਾਂ ਅਤੇ ਮੌਤ ਤੋਂ ਅੱਗੇ ਸਾਡੀ ਕਲਪਨਾ ਸ਼ਕਤੀ ਵੀ ਅਸਮਰੱਥ ਹੈ। ਜੇਕਰ ਜੀਵਨ ਇਨ੍ਹਾਂ ਦੋ ਕਿਨਾਰਿਆਂ ਦਰਮਿਆਨ ਹੈ ਤਾਂ ਇਸ ਦੇ ਬਾਰੇ ਯਥਾਰਥ ਰੂਪ ਵਿਚ ਰਹੱਸ ਬਣਿਆ ਰਹਿੰਦਾ ਹੈ। ਜੀਵਨ ਨੂੰ ਸਮਝਣ ਦਾ ਦਾਅਵਾ ਕਰਨ ਵਾਲਾ ਅੰਤ ਨੂੰ ਸ਼ਰਮਿੰਦਗੀ ਦਾ ਸ਼ਿਕਾਰ ਹੁੰਦਾ ਹੈ। ਮਿਰਜ਼ਾ ਗ਼ਾਲਿਬ ਨੇ ਕਿਹਾ ਹੈ..

ਹੈ ਗ਼ੈਬ-ਏ-ਗ਼ੈਬ ਜਿਸੇ ਸਮਝਤੇ ਹੈਂ ਹਮ ਸ਼ਹੂਦ,

ਹੈਂ ਖ਼੍ਵਾਬ ਮੇਂ ਹਨੋਜ਼ ਜੋ ਜਾਗੇ ਹੈਂ ਖ਼੍ਵਾਬ ਮੇਂ।

(ਜੋ ਲੋਕ 'ਸੱਚ ਦੀ ਤਲਾਸ਼ ਕਰਦੇ ਹਨ, ਉਹ 'ਸੱਚ' ਨੂੰ ਹਰ ਚੀਜ਼ ਵਿਚ ਮੌਜੂਦ ਪਾਉਂਦੇ ਹਨ। ਪਰ ਇਹ ਮੰਨ ਲੈਣਾ ਕਿ 'ਸੱਚ' ਨੇ ਆਪਣਾ-ਆਪ ਨੂੰ ਜ਼ਾਹਿਰ ਕਰ ਦਿੱਤਾ ਹੈ, ਇਹ ਨਾਸਮਝੀ ਹੈ। ਜਿਹੜੇ ਇਹ ਸਮਝਦੇ ਹਨ ਕਿ ਜੀਵਨ ਦੇ ਰਹੱਸ ਨੂੰ ਜਾਣ ਲਿਆ ਹੈ, ਉਹਨਾਂ ਦੀ ਹਾਲਤ ਓਸ ਇਨਸਾਨ ਵਰਗੀ ਹੈ ਜੋ ਸੁਪਨੇ ਵਿਚ ਦੇਖੇ, ਕਿ ਜਾਗ ਰਿਹਾ ਹੈ। ਬੇਦਾਰੀ ਦੇ ਸੁਪਨੇ ਨਾਲ ਬੇਦਾਰੀ ਨਹੀਂ ਮਿਲਦੀ।)

ਸਵਾਲ ਇਹ ਪੈਦਾ ਹੁੰਦਾ ਕਿ ਜਦ ਸਭ ਕੁਝ ਸੁਪਨਾ ਅਤੇ ਰਹੱਸ ਹੀ ਹੈ ਤਾਂ ਉਹ ਕੀ ਹੈ ਜਿਸ ਦੇ ਸਹਾਰੇ ਕਿਸੇ ਨੁਕਤੇ ਤੇ ਪਹੁੰਚਿਆ ਜਾਵੇ?

ਬੁਖ਼ਾਰੀ ਸ਼ਰੀਫ਼ ਵਿਚ ਆਉਂਦਾ ਹੈ ਕਿ ਹਜ਼ਰਤ ਮੁਹੰਮਦ ਸਾਹਿਬ ਨੂੰ ਪੁੱਛਿਆ ਗਿਆ, ਸਭ ਤੋਂ ਜ਼ਰੂਰੀ ਕੰਮ ਕਿਹੜਾ ਹੈ ਅਤੇ ਸਭ ਤੋਂ ਜ਼ਰੂਰੀ ਇਨਸਾਨ? ਉਹਨਾਂ ਫ਼ਰਮਾਇਆ ਕਿ 'ਸਭ ਤੋਂ ਜ਼ਰੂਰੀ ਕੰਮ ਉਹ ਹੈ ਜੋ ਤੁਹਾਡੇ ਸਾਹਮਣੇ ਹੋਵੇ ਅਤੇ ਸਭ ਤੋਂ ਜ਼ਰੂਰੀ ਇਨਸਾਨ ਜੋ ਤੁਹਾਡੇ ਨਾਲ ਹੋਵੇ!' ਭਾਵ ਦਰਪੇਸ਼ ਕਾਰਜ ਨੂੰ ਸੰਪੂਰਨ ਕਰਨਾ ਸਭ ਤੋਂ ਵੱਧ ਜ਼ਰੂਰੀ ਹੈ ਅਤੇ ਆਪਣੀ ਸੰਗਤ ਦੇ ਇਨਸਾਨ ਨੂੰ ਪੂਰਨ ਤਵੱਜੋ ਦੇਣੀ ਫ਼ਰਜ਼ ਹੈ।

ਇਸ ਹਦੀਸ ਵਿਚੋਂ ਸਾਥ ਅਤੇ ਸਾਂਝ ਦਾ ਅਨੁਭਵ ਰੂਹ ਦੀਆਂ ਗਹਿਰਾਈਆਂ ਤੱਕ ਰਮਦਾ-ਰਸਦਾ ਜਾਂਦਾ ਹੈ। ਜੀਵਨ ਦਾ ਮਨੋਰਥ ਪਿਆਰ ਅਤੇ ਆਪਸੀ ਸਾਂਝ ਵਿਚੋਂ ਉਪਜਿਆ ਆਤਮਿਕ ਰਸ ਹੈ। ਇਹੀ ਮਨੁੱਖ ਦਾ ਕੁੱਲ ਹਾਸਲ ਹੈ। 'ਨਈਅਰਾ ਨੂਰ' ਦੀ ਆਵਾਜ਼ ਵਿਚ 'ਹਸਨ ਅਕਬਰ ਕਮਲ' ਦੀ ਨਜ਼ਮ ਦਾ ਸ਼ੇਅਰ ਕੁਝ ਅਜਿਹਾ ਹੀ ਭੇਦ ਖੋਲਦਾ ਹੈ।

ਹਸੀਂ ਖਨਕਤੀ ਹੁਈ ਔਰ ਬੁਝੀ ਬੁਝੀ ਖ਼ੁਸ਼ੀਆਂ

ਹੈਂ ਦੋਸਤੀ ਕੀ ਮਿਹਕ ਸੇ ਰਚੀ ਹੁਈ ਘੜੀਆਂ

ਮਜ਼ਾ ਅਨੋਖਾ ਸਾ ਹੈ ਆਤੇ-ਜਾਤੇ ਲਮਹੋਂ ਮੇਂ

ਕਿਤਾਬੇਂ ਗੋਦ ਮੇਂ ਫੈਲੀ, ਹੈਂ ਖੋਏ ਬਾਤੋਂ ਮੇਂ।

ਰਫ਼ਾਕਤੋਂ ਮੇਂ ਖ਼ਜ਼ਾਨਾ ਜੋ ਹਮਨੇ ਪਾਇਆ ਹੈ। (ਰਫ਼ਾਕਤ=ਸਾਥ)

ਨਾ ਦਿਲ ਪੇ ਬੋਝ ਹੈ ਕੋਈ, ਨਾ ਗ਼ਮ ਕਾ ਸਾਇਆ ਹੈ।

ਜਹਾਂ ਕੋ ਕਿਤਨਾ ਹਸੀਂ ਦੋਸਤੀ ਬਨਾਤੀ ਹੈ,

ਦਿਲੋਂ ਮੇਂ ਹੋਂ ਭੀ ਅਗਰ ਫ਼ਾਸਲੇ ਮਿਟਾਤੀ ਹੈ।

ਇਹ ਰਿਸ਼ਤੇ ਹੀ ਉਹ ਸੰਸਾਰ ਹਨ, ਜਿਸ ਵਿਚ ਇਨਸਾਨ ਆਪਣੇ ਅੰਦਰਲੇ ਸਕੂਨ ਹਾਸਲ ਕਰਦਾ ਸਕਦਾ ਹੈ। ਇਹ ਉਹੀ ਤੰਦਾਂ ਹਨ ਜਿਨ੍ਹਾਂ ਨੂੰ ਅਸੀਂ ਲਗਾਤਾਰ ਜੋੜਦੇ-ਤੋੜਦੇ ਰਹਿੰਦੇ ਹਾਂ। ਸੰਸਾਰਕ ਰਿਸ਼ਤੇ ਹੀ ਮਨੁੱਖ ਦਾ ਕੁੱਲ ਸਰਮਾਇਆ ਹਨ। ਮਨੁੱਖ ਇਨ੍ਹਾਂ ਵਿਚੋਂ ਸੰਸਾਰ ਦਾ ਹਰ ਸੁੱਖ-ਦੁੱਖ ਹਾਸਲ ਕਰਦਾ ਹੈ। ਸਾਡੇ ਆਪਣੇ ਦਿਲ ਦਾ ਸੀਮਤ ਦਾਇਰਾ ਹੀ ਹੈ ਕਿ ਅਸੀਂ ਰਿਸ਼ਤਿਆਂ ਦੀ ਵਿਸ਼ਾਲਤਾ ਅਤੇ ਕੋਮਲਤਾ ਨੂੰ ਆਪਣੇ ਦਿਲ ਦੀ ਛੋਟੀ ਅਤੇ ਸਖ਼ਤ ਝੋਲੀ ਵਿਚ ਸਮਾ ਨਹੀਂ ਪਾਉਂਦੇ।

ਇਨਸਾਨ ਜਿਵੇਂ-ਜਿਵੇਂ ਆਪਣੇ ਦਿਲ ਵਿਚ ਪਾਲੀ ਹੋਈ ਨਫ਼ਰਤ ਨੂੰ ਤਿਆਗਦਾ ਹੈ, ਸਖ਼ਤੀ ਦੀਆਂ ਗੰਢਾਂ ਖੋਲ੍ਹਦਾ ਹੈ, ਓਵੇਂ-ਓਵੇਂ ਰੂਹ, ਰਸ ਦੇ ਸਮੁੰਦਰ ਵਿਚ ਉਤਰਦੀ ਜਾਂਦੀ ਹੈ। ਮੱਥੇ ਦੀਆਂ ਤਿਊੜੀਆਂ ਵਿਚ ਲੁਕੇ ਕੁਦਰਤ ਦੇ ਨੂਰਾਨੀ ਨਕਸ਼ ਪ੍ਰਗਟ ਹੋਣ ਲੱਗਦੇ ਹਨ। ਇਨਸਾਨ ਨੇ ਖ਼ੁਦ ਉਸਾਰੀਆਂ ਪਥਰੀਲੀਆਂ ਕਾਲ-ਕੋਠੜੀਆਂ ਵਿਚ ਆਪੇ ਨੂੰ ਲੁਕੋ ਲਿਆ ਹੈ। ਰਿਸ਼ਤੇ ਇਹਨਾਂ ਕਾਲ-ਕੋਠੜੀਆਂ ਨੂੰ ਰੌਸ਼ਨ ਕਰਨ ਲਈ ਤਾਂਘ ਰਹੇ ਹਨ। ਪਿਆਰ ਦੀਆਂ ਸ਼ੀਤਲ ਹਵਾਵਾਂ ਸਾਡੀ ਰੂਹ ਨੂੰ ਤਰੋ-ਤਾਜ਼ਾ ਕਰਨ ਲਈ ਬਾਹਾਂ ਫੈਲਾਈ ਖੜੀਆਂ ਹਨ।

ਬੀਬਿਓ! ਹਠ ਤਿਆਗ ਦਿਓ। ਕਦ ਤਕ ਖਿੜਕੀਆਂ ਬੰਦ ਰੱਖੋਗੇ? ਇਹਨਾਂ ਤਾਜ਼ਗੀਆਂ ਨੂੰ ਆਪਣੇ ਦਿਲ ਤਾਈਂ ਪਹੁੰਚ ਲੈਣ ਦਿਓ। ਜਿਸ ਨੇ ਕੁਦਰਤ ਦਾ ਪ੍ਰੇਮ ਅਤੇ ਰਿਸ਼ਤਿਆਂ ਦੀ ਆਪਸੀ ਸਾਂਝ ਦਾ ਖ਼ਜ਼ਾਨਾ ਪਾ ਲਿਆ, ਉਸ ਦੀ ਅਮੀਰੀ ਦਾ ਕੋਈ ਅੰਤ ਨਹੀਂ। ਅੱਖਾਂ ਦੀ ਚਮਕ ਅਤੇ ਚਿਹਰੇ ਦੀ ਮੁਸਕੁਰਾਹਟ ਹੀ ਇਨ੍ਹਾਂ ਸਰਦਾਰੀਆਂ ਦੇ ਇਸ਼ਾਰੇ ਦੇ ਸਕਦੀ ਹੈ। ਪਰੀਆਂ ਦੇ ਪਰਾਂ ਦੀ ਕੋਮਲਤਾ ਤੁਹਾਡੀਆਂ ਉਂਗਲਾਂ ਸਾਹਮਣੇ ਸ਼ਰਮਿੰਦਾ ਹੋ ਜਾਵੇਗੀ। ਸੂਰਜ ਤੁਹਾਡੀਆਂ ਨਜ਼ਰਾਂ ਦੇ ਤੇਜ਼ ਤੋਂ ਬਚਣ ਲਈ ਆਪਣਾ ਚਿਹਰਾ ਹੱਥਾਂ ਨਾਲ ਢਕ ਲਵੇਗਾ। ਸਮੁੰਦਰ ਤੁਹਾਡੇ ਦਿਲ ਦੀ ਵਿਸ਼ਾਲਤਾ ਸਾਹਮਣੇ ਬੂੰਦ ਬਣ, ਸੇਵਾ ਵਿਚ ਰਹੇਗਾ। ਤੁਹਾਡੇ ਕਦਮਾਂ ਨੂੰ ਧਰਤੀ ਆਪਣੀ ਹਿੱਕ 'ਤੇ ਮੁਬਾਰਕ ਜਾਣੇਗੀ। ਆਉਂਦੇ-ਜਾਂਦੇ ਸਾਹ ਜਿਵੇਂ ਸੇਵਕ ਬਣ ਨਿਸ-ਦਿਨ ਚਾਕਰੀ ਕਰਨਗੇ।

ਡਾ. ਕੁਲਦੀਪ ਸਿੰਘ ਢਿੱਲੋਂ
ਪੰਜਾਬੀ ਵਿਭਾਗ,
ਖਾਲਸਾ ਕਾਲਜ, ਅੰਮ੍ਰਿਤਸਰ

KHALSA COLLEGE SAJRA SAHIT
ਖ਼ਾਲਸਾ ਕਾਲਜ ਸੱਜਰਾ ਸਾਹਿਤ